ਐਜੂਕੇਸ਼ਨ ਬਿਊਰੋ

(Punjabi (Indian))

# ਕਿੰਡਰਗਾਰਟਨ ਦਾਖਲੇ ਲਈ ਰਜਿਸਟ੍ਰੇਸ਼ਨ ਸਰਟੀਫਿਕੇਟ ਲਈ ਅਰਜ਼ੀ ਬਾਰੇ ਮਾਰਗਦਰਸ਼ਕ ਜਾਣਕਾਰੀ

(ਇਹ ਮਾਰਗਦਰਸ਼ਕ ਜਾਣਕਾਰੀ 1 ਸਤੰਬਰ 2018 ਤੋਂ 31 ਅਗਸਤ 2019 ਦਰਮਿਆਨ ਜਮਾਂ ਕੀਤੀਆਂ ਅਰਜ਼ੀਆਂ 'ਤੇ ਲਾਗੂ ਹੁੰਦੇ ਹਨ)

**ਮਹੱਤਵਪੂਰਨ ਟਿੱਪਣੀਆਂ**

- **ਦਰਖ਼ਾਸਤ ਫਾਰਮ ਭਰਨ ਤੋਂ ਪਹਿਲਾਂ ਕਿਰਪਾ ਕਰਕੇ ਮਾਰਗਦਰਸ਼ਨ ਜਾਣਕਾਰੀ ਦੇ ਹਰੇਕ ਪੈਰ੍ਹੇ ਨੂੰ ਧਿਆਨਪੂਰਵਕ ਪੜ੍ਹੋ।**
- **"ਕਿੰਡਰਗਾਰਟਨ ਦਾਖਲੇ ਵਾਸਤੇ ਰਜਿਸਟ੍ਰੇਸ਼ਨ ਸਰਟੀਫਿਕੇਟ" (ਇਸ ਤੋਂ ਬਾਅਦ "RC" ਕਿਹਾ ਗਿਆ ਹੈ) ਲਈ ਅਰਜ਼ੀ ਪਰਿਵਾਰ ਅਧਾਰਤ ਅਰਜ਼ੀ ਹੈ। ਹਰੇਕ ਪਰਿਵਾਰ ਨੂੰ ਪਰਿਵਾਰ ਵਿੱਚ ਹਰੇਕ ਯੋਗ ਬੱਚੇ ਲਈ ਸਿਰਫ ਇੱਕ ਅਰਜ਼ੀ ਹੀ ਜਮਾਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਜੇ ਵਿਦਿਆਰਥੀ ਹਾਂਗ ਕਾਂਗ ਵਿੱਚ ਸਿੱਖਿਆ ਪ੍ਰਾਪਤ ਕਰ ਸਕਦਾ ਹੈ ਪਰ ਸਬਸਿਡੀ ਹਾਸਲ ਕਰਨ ਲਈ ਯੋਗ ਨਹੀਂ ਹੈ, ਤਾਂ ਐਜੂਕੇਸ਼ਨ ਬਿਊਰੋ ਸਬੰਧਤ ਵਿਦਿਆਰਥੀ ਲਈ "ਕਿੰਡਰਗਾਰਟਨ ਐਡਮਿਸ਼ਨ ਪਾਸ" (ਇਸ ਤੋਂ ਬਾਅਦ "AP" ਕਿਹਾ ਗਿਆ ਹੈ) ਜਾਰੀ ਕਰੇਗਾ।**
- **ਬਿਨੈਕਾਰ ਵੱਲੋਂ ਮੁਹੱਈਆ ਕੀਤੀ ਨਿਜੀ ਸੂਚਨਾ ਨੂੰ ਐਜੂਕੇਸ਼ਨ ਬਿਊਰੋ ਦੁਆਰਾ RC"/"AP" ਲਈ ਅਰਜ਼ੀ 'ਤੇ ਪ੍ਰਕਿਰਿਆ ਕਰਨ ਲਈ ਵਰਤਿਆ ਜਾਵੇਗਾ। ਬਿਨੈਕਾਰਾਂ ਨੂੰ ਇਹ ਯਾਦ ਦੁਆਇਆ ਜਾਂਦਾ ਹੈ ਕਿ ਦਿੱਤਾ ਗਿਆ ਕੋਈ ਵੀ ਬਿਆਨ ਜੇ ਗਲਤ ਜਾਂ ਗੁਮਰਾਹਕੁੰਨ ਹੁੰਦਾ ਹੈ ਜਾਂ ਜੇਕਰ ਝੂਠਾ ਦਸਤਾਵੇਜ਼ ਮੁਹੱਈਆ ਕੀਤਾ ਜਾਂਦਾ ਹੈ; ਜਾਂ ਜੇ ਉਹ ਵਾਅਦੇ ਅਤੇ ਘੋਸ਼ਣਾ ਦੀਆਂ ਕਿਸੇ ਵੀ ਵਿਵਸਥਾਵਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ (ਜਿਵੇਂ ਕਿ ਅਰਜ਼ੀ ਦਾ ਭਾਗ V), ਤਾਂ ਸਬੰਧਤ ਧਿਰਾਂ ਨੂੰ ਇਹ ਅਰਜ਼ੀ ਤੁਰੰਤ ਅਪ੍ਰਮਾਣਿਕ ਬਣਾਉਣ ਜਾਂ, ਜਿਵੇਂ ਮਾਮਲਾ ਹੋ ਸਕਦਾ ਹੈ, ਜਾਰੀ ਕੀਤੇ RC" / "AP" ਨੂੰ ਤੁਰੰਤ ਅਪ੍ਰਮਾਣਿਕ ਬਣਾਉਣ ਦਾ ਅਧਿਕਾਰ ਹੋਵੇਗਾ; ਅਤੇ ਬਿਨੈਕਾਰ ਵਿਰੁੱਧ ਕਾਨੂੰਨੀ ਕਾਰਵਾਈ ਅਤੇ/ਜਾਂ ਫੌਜਦਾਰੀ ਮੁਕੱਦਮੇਬਾਜ਼ੀ ਕੀਤੀ ਜਾ ਸਕਦੀ ਹੈ।**

## A - ਆਮ ਜਾਣਕਾਰੀ

### 1. ਕਿੰਡਰਗਾਰਟਨ ਐਜੂਕੇਸ਼ਨ ਸਕੀਮ

1.1 ਹਾਂਗ ਕਾਂਗ ਸਰਕਾਰ ਦੇ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ (ਇਸ ਤੋਂ ਬਾਅਦ "HKSAR ਸਰਕਾਰ" ਵੱਜੋਂ ਕਿਹਾ ਗਿਆ ਹੈ) ਨੇ ਵੱਖ-ਵੱਖ ਉਪਾਵਾਂ ਜ਼ਰੀਏ ਵੱਖ-ਵੱਖ ਪੱਖਾਂ ਵਿੱਚ KG ਸਿੱਖਿਆ ਦੇ ਮਿਆਰ ਵਿੱਚ ਸੁਧਾਰ ਕਰਨ ਲਈ 2017/18 ਦੇ ਸਕੂਲੀ ਵਰ੍ਹੇ ਤੋਂ ਕਿੰਡਰਗਾਰਟਨ (KG) ਸਕੀਮ (ਇਸ ਤੋਂ ਬਾਅਦ "ਸਕੀਮ" ਕਿਹਾ ਗਿਆ ਹੈ) ਲਾਗੂ ਕੀਤੀ ਹੈ। "ਸਕੀਮ" ਦੇ ਕਾਰਜ ਖੇਤਰ ਬਾਰੇ, HKSAR ਸਰਕਾਰ ਮੁਢਲੀ ਸਬਸਿਡੀ ਮੁਹੱਈਆ ਕਰੇਗੀ ਜੋ ਸਾਰੇ ਯੋਗਤਾ-ਪ੍ਰਾਪਤ KG ਵਿਦਿਆਰਥੀਆਂ (ਜਿਸ ਵਿੱਚ ਨਰਸਰੀ (K1), ਲੋਅਰ KG (K2) ਅਤੇ ਅੱਪਰ KG (K3) ਕਲਾਸਾਂ ਸ਼ਾਮਲ ਹਨ) ਨੂੰ ਫਾਇਦਾ ਪਹੁੰਚਾਉਣ ਲਈ ਸਥਾਨਕ ਗ਼ੈਰ-ਮੁਨਾਫ਼ਾ (NPM) KGs ਵਿੱਚ ਅੱਧੇ ਦਿਨ ਦੀ ਸੇਵਾ ਨੂੰ ਕਵਰ ਕਰੇਗੀ। ਜਨਸੰਖਿਆ ਨੀਤੀ ਤਹਿਤ ਸਥਾਨਕ ਕਿਰਤ ਸ਼ਕਤੀ ਦੀ ਸਮਰੱਥਾ ਨੂੰ ਉਭਾਰਨ ਲਈ, ਸਮੁੱਚੇ ਦਿਨ ਅਤੇ ਲੰਬੇ ਸਮੁੱਚੇ ਦਿਨ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੀਆਂ ਯੋਗਤਾਪ੍ਰਾਪਤ KGs ਨੂੰ ਵਧੀਕ ਸ੍ਰੋਤ ਮੁਹੱਈਆ ਕੀਤੇ ਜਾਣਗੇ ਤਾਂ ਜੋ ਜ਼ਿਆਦਾ ਕਿਫਾਇਤੀ ਕੀਮਤ 'ਤੇ ਅਜਿਹੀਆਂ ਹੋਰ ਜ਼ਿਆਦਾ ਸੇਵਾਵਾਂ ਪੇਸ਼ ਕਰਨ ਲਈ ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

1.2 "ਸਕੀਮ" ਵਿੱਚ ਸ਼ਾਮਲ ਹੋਣ ਵਾਸਤੇ ਯੋਗਤਾ ਪੂਰੀ ਕਰਨ ਲਈ KGs ਨੂੰ NPM ਹੋਣਾ ਚਾਹੀਦਾ ਹੈ ਅਤੇ ਸਥਾਨਕ ਪਾਠਕ੍ਰਮ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜੋ ਐਜੂਕੇਸ਼ਨ ਬਿਊਰੋ (EDB) ਵੱਲੋਂ KG ਦੇ ਪਾਠਕ੍ਰਮ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਹੋਵੇ ਜਿਸ ਦੇ KG ਦੀ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਸਾਬਤ ਹੋਏ ਟਰੈਕ ਰਿਕਾਰਡ ਹੋਣ। KGs ਨੂੰ ਕੁਝ ਯੋਗਤਾ ਮਾਪਦੰਡ ਨੂੰ ਵੀ ਪੂਰਾ ਕਰਨ ਦੀ ਲੋੜ ਹੁੰਦੀ ਹੈ ਜਿਵੇਂ ਕਿ ਅਧਿਆਪਕ ਦੀਆਂ ਯੋਗਤਾਵਾਂ, ਅਧਿਆਪਕ-ਵਿਦਿਆਰਥੀ ਅਨੁਪਾਤ, ਸਕੂਲੀ ਫੀਸਾਂ ਦੇ ਪੱਧਰ ਆਦਿ ਦੀਆਂ ਲੋੜਾਂ। KGs ਦੇ "ਸਕੀਮ" ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਅਤੇ ਹੋਰਨਾਂ ਵੇਰਵਿਆਂ ਲਈ ਕਿਰਪਾ ਕਰਕੇ EDB ਦੀ ਵੈਬਸਾਈਟ (www.edb.gov.hk) ਦੇਖੋ।

### 2. 2019/20 ਸਕੂਲੀ ਵਰ੍ਹੇ ਵਿੱਚ KGs ਵਿੱਚ K1 ਕਲਾਸਾਂ ਲਈ ਦਾਖਲੇ ਦੇ ਪ੍ਰਬੰਧ

2.1 ਹਾਂਗ ਕਾਂਗ ਵਿੱਚ KGs ਦੀਆਂ ਮੁੱਖ ਵਿਸ਼ੇਸ਼ਤਾ ਵਿੱਚ ਹੋਰਨਾਂ ਗੱਲਾਂ ਦੇ ਨਾਲ-ਨਾਲ ਇਸ ਦੀ ਲਚਕਤਾ ਅਤੇ ਵਿਭਿੰਨਤਾ, ਜਿਸ ਵਿੱਚ ਸਥਾਨਕ/ਗ਼ੈਰ-ਸਥਾਨਕ, NPM/ਨਿੱਜੀ ਸੁਤੰਤਰ KGs ਸ਼ਾਮਲ ਹਨ, ਅਤੇ ਇਸ ਤੋਂ ਇਲਾਵਾ ਸੇਵਾਵਾਂ ਦੇ ਵੱਖ-ਵੱਖ ਨਮੂਨੇ ਮੁਹੱਈਆ ਕਰਵਾਉਣਾ ਸ਼ਾਮਲ ਹੈ। ਮਾਪੇ ਆਪਣੇ ਬੱਚਿਆਂ ਦੀ ਲੋੜਾਂ ਦੇ ਸਬੰਧ ਵਿੱਚ ਉਹਨਾਂ ਲਈ ਢੁਕਵੀਂ KG ਦੀ ਚੋਣ ਕਰ ਸਕਦੇ ਹਨ ਜਦਕਿ KGs ਕੋਲ ਵਿਦਿਆਰਥੀ ਦੇ ਦਾਖਲੇ ਬਾਰੇ ਵਿਸ਼ੇਸ਼ ਅਧਿਕਾਰ ਹੁੰਦਾ ਹੈ। "ਸਕੀਮ" ਦੇ ਤਹਿਤ, EDB 2019/20 ਸਕੂਲੀ ਵਰ੍ਹੇ ਲਈ KGs ਵਿੱਚ K1 ਕਲਾਸਾਂ ਲਈ ਦਾਖਲਾ ਪ੍ਰਬੰਧਾਂ (ਇਸ ਤੋਂ ਬਾਅਦ "2019/20 K1 ਦਾਖਲਾ ਪ੍ਰਬੰਧਾਂ" ਕਿਹਾ ਗਿਆ ਹੈ) ਨੂੰ ਲਾਗੂ ਕਰਨਾ ਜਾਰੀ ਰੱਖੇਗਾ, ਜਿਸਦਾ ਉਦੇਸ਼ ਹੈ KGs ਦੀ ਦਾਖਲੇ ਦੀ ਪ੍ਰਕਿਰਿਆ ਦੀ ਸਮੁੱਚੀ ਕਾਰਵਾਈ ਵਿੱਚ ਸਹਾਇਤਾ ਕਰਨੀ ਅਤੇ ਆਪਣੇ ਬੱਚਿਆਂ ਲਈ KG ਵਿੱਚ ਸਥਾਨ ਦੀ ਜਲਦੀ ਪੁਸ਼ਟੀ ਕਰਨ ਵਿੱਚ ਮਾਪਿਆਂ ਦੀ ਮਦਦ ਕਰਨੀ। ਜਿਹੜੇ ਮਾਪੇ 2019/20 ਸਕੂਲੀ ਵਰ੍ਹੇ ਵਿੱਚ ਆਪਣੇ ਬੱਚਿਆਂ ਲਈ ਸਕੀਮ-KG ਵਿੱਚ K1 ਕਲਾਸ ਵਿੱਚ ਦਾਖਲੇ ਲਈ ਐਪਲੀਕੇਸ਼ਨ ਦੇਣੀ ਚਾਹੁੰਦੇ ਹਨ ਉਹਨਾਂ ਨੂੰ ਹੇਠਾਂ ਦਿੱਤੀ ਗਈ ਪ੍ਰਕਿਰਿਆ ਦਾ ਪਾਲਣ ਕਰਨਾ ਚਾਹੀਦਾ ਹੈ। ਇਹ ਪ੍ਰਕਿਰਿਆ "ਸਕੀਮ" ਵਿਚ ਸ਼ਾਮਲ ਹੋਣ ਵਾਲੇ ਸਾਰੇ NPM KGs 'ਤੇ ਲਾਗੂ ਹੁੰਦੀ ਹੈ।

2.2 ਮਾਪਿਆਂ ਨੂੰ "RC" ਲਈ ਸਤੰਬਰ ਤੋਂ ਨਵੰਬਰ 2018 ਤੱਕ EDB ਨੂੰ ਅਰਜ਼ੀ ਦੇਣ ਦੀ ਲੋੜ ਹੈ। ਸਾਰੀ ਜਰੂਰੀ ਜਾਣਕਾਰੀ ਅਤੇ ਮੁਹੱਈਆ ਕੀਤੇ ਦਸਤਾਵੇਜ਼ਾਂ ਦੇ ਨਾਲ ਐਪਲੀਕੇਸ਼ਨ ਪ੍ਰਾਪਤ ਹੋਣ 'ਤੇ, EDB ਨੂੰ ਆਮ ਤੌਰ 'ਤੇ ਐਪਲੀਕੇਸ਼ਨ ਪ੍ਰਕਿਰਿਆ ਪੂਰੀ ਕਰਨ ਅਤੇ ਸਕੀਮ ਦੇ ਤਹਿਤ ਰਿਆਇਤ ਪ੍ਰਾਪਤ ਕਰਨ ਲਈ ਯੋਗ ਬਿਨੈਕਾਰਾਂ ਨੂੰ ਡਾਕ ਰਾਹੀਂ ਨੂੰ "RC" ਜਾਰੀ ਕਰਨ ਵਿੱਚ ਛੇ ਤੋਂ ਅੱਠ ਹਫ਼ਤੇ ਤੱਕ ਲੱਗਣਗੇ। ਜੇ ਕੋਈ ਵਿਦਿਆਰਥੀ "RC" ਹਾਸਲ ਨਹੀਂ ਕਰ ਸਕਦਾ ਹੈ ਕਿਉਂਕਿ ਉਹ ਹਾਂਗਕਾਂਗ ਵਿੱਚ ਸਿੱਖਿਆ ਪ੍ਰਾਪਤ ਕਰ ਸਕਦਾ ਹੈ ਪਰ ਇਸ ਸਕੀਮ ਦੇ ਤਹਿਤ ਰਿਆਇਤ ਪ੍ਰਾਪਤ ਕਰਨ ਦੇ ਯੋਗ ਨਹੀਂ ਹੈ, ਤਾਂ EDB ਸੰਬੰਧਿਤ ਵਿਦਿਆਰਥੀ ਨੂੰ ਸਕੀਮ-KG ਵਿੱਚ ਰਜਿਸਟ੍ਰੇਸ਼ਨ ਅਤੇ ਦਾਖਲੇ ਲਈ ਇੱਕ "AP" ਜਾਰੀ ਕਰੇਗਾ, ਪਰ ਸਬੰਧਿਤ ਮਾਪਿਆਂ ਨੂੰ ਇਸ ਸਕੀਮ ਦੇ ਅਧੀਨ ਰਿਆਇਤ ਦੀ ਕਟੌਤੀ ਕਰਨ ਤੋਂ ਪਹਿਲਾਂ ਵਾਲੀ ਪੂਰੀ ਸਕੂਲ ਫ਼ੀਸ ਅਦਾ ਕਰਨ ਦੀ ਲੋੜ ਹੁੰਦੀ ਹੈ ਜਿਵੇਂ ਕਿ ਉਸ KG ਦੇ ਫ਼ੀਸ ਸਰਟੀਫਿਕੇਟ 'ਤੇ ਦਿਖਾਇਆ ਗਿਆ ਹੈ ਜਿਸ ਵਿਚ ਬੱਚੇ ਨੂੰ ਦਾਖਲ ਕੀਤਾ ਗਿਆ ਹੈ।

2.3 ਹਾਲਾਂਕਿ ਮਾਪਿਆਂ ਨੂੰ "RC" ਵਾਸਤੇ ਦਰਖ਼ਾਸਤ ਦੇਣ ਲਈ ਆਪਣੇ ਬੱਚਿਆਂ ਦੀ ਯੋਗਤਾ ਬਾਰੇ ਨਿਸ਼ਚਿਤ ਤੌਰ 'ਤੇ ਪਤਾ ਨਹੀਂ ਹੁੰਦਾ ਜਾਂ ਉਹ "AP" ਲਈ ਦਰਖ਼ਾਸਤ ਦੇਣੀ ਚਾਹੁੰਦੇ ਹਨ, ਉਹਨਾਂ ਨੂੰ 2.2 ਪੈਰ੍ਹੇ ਵਿੱਚ ਦਿੱਤੀਆਂ ਜ਼ਰੂਰਤਾਂ ਦਾ ਪਾਲਣ ਕਰਨਾ ਚਾਹੀਦਾ ਹੈ ਅਤੇ "RC" (ਇਸ ਤੋਂ ਬਾਅਦ "RC" ਲਈ ਅਰਜ਼ੀ ਕਿਹਾ ਗਿਆ ਹੈ) ਲਈ ਦਰਖ਼ਾਸਤ ਦੇਣੀ ਚਾਹੀਦੀ ਹੈ। EDB ਸਬੰਧਤ ਅਰਜ਼ੀ ਦੀ ਯੋਗਤਾ ਦਾ ਮੁਲਾਂਕਣ ਕਰੇਗਾ ਅਤੇ ਵਿਦਿਆਰਥੀ ਨੂੰ "RC" ਜਾਂ "AP" ਜਾਰੀ ਕਰੇਗਾ।

2.4 EDB ਹਰੇਕ ਵਿਦਿਆਰਥੀ ਨੂੰ ਇੱਕ "RC" ਜਾਂ "AP" (ਇਸ ਤੋਂ ਬਾਅਦ ਰਜਿਸਟ੍ਰੇਸ਼ਨ ਦਸਤਾਵੇਜ਼ ਕਿਹਾ ਗਿਆ ਹੈ) ਜਾਰੀ ਕਰੇਗਾ ਜੋ ਹਾਂਗਕਾਂਗ ਵਿੱਚ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਸਾਰੇ ਸਕੀਮ ਵਾਲੇ ਕਿੰਡਰਗਰਟਨ ਸਿਰਫ ਉਹਨਾਂ ਵਿਦਿਆਰਥੀਆਂ ਨੂੰ ਹੀ ਦਾਖਲ ਕਰ ਸਕਦੇ ਹਨ ਜਿਨ੍ਹਾਂ ਕੋਲ ਯੋਗ ਰਜਿਸਟ੍ਰੇਸ਼ਨ ਦਸਤਾਵੇਜ਼ ਹੈ।

2.5 "RC" ਨੂੰ "ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਖਾਂ" (ਭਾਵ 10 ਤੋਂ 12 ਜਨਵਰੀ 2019) ਦੌਰਾਨ K1 ਲਈ ਰਜਿਸਟ੍ਰੇਸ਼ਨ ਵਾਸਤੇ ਵਰਤਿਆ ਜਾਏਗਾ। "RC" ਦੇ ਪ੍ਰਕਿਰਿਆ ਸਮੇਂ ਦੇ ਕਾਰਨ, ਮਾਪਿਆਂ ਨੂੰ "RC" ਲਈ ਆਪਣੀਆਂ ਐਪਲੀਕੇਸ਼ਨਾਂ EDB ਨੂੰ ਵੱਧ ਤੋਂ ਵੱਧ 30 ਨਵੰਬਰ 2018 ਤੱਕ ਜਮ੍ਹਾਂ ਕਰਾ ਦੇਣ ਦੀ ਲੋੜ ਹੁੰਦੀ ਹੈ। ਨਹੀਂ ਤਾਂ, "RC" / "AP" ਆਮ ਤੌਰ 'ਤੇ K1 ਰਜਿਸਟ੍ਰੇਸ਼ਨ ਲਈ "ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਖਾਂ" ਤੋਂ ਪਹਿਲਾਂ ਜਾਰੀ ਨਹੀਂ ਕੀਤਾ ਜਾਵੇਗਾ।

2.6 ਮਾਪਿਆਂ ਨੂੰ KGs ਤੋਂ ਆਪਣੇ ਸਕੂਲ-ਆਧਾਰਿਤ ਦਾਖਲਾ ਪ੍ਰਣਾਲੀ ਬਾਰੇ ਸਮਝਣਾ ਚਾਹੀਦਾ ਹੈ, ਜਿਸ ਵਿਚ ਪ੍ਰਕਿਰਿਆ, ਮਾਪਦੰਡ, ਇੰਟਰਵਿਊ ਪ੍ਰਬੰਧ, ਐਪਲੀਕੇਸ਼ਨ ਫ਼ੀਸ ਆਦਿ ਸ਼ਾਮਲ ਹਨ। ਉਨ੍ਹਾਂ ਨੂੰ ਐਪਲੀਕੇਸ਼ਨ ਫਾਰਮ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਵੱਖ-ਵੱਖ ਕਿੰਡਰਗਾਰਟਨਾਂ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਲੋੜਾਂ ਦੇ ਮੁਤਾਬਕ ਦਾਖਲੇ ਲਈ ਐਪਲੀਕੇਸ਼ਨਾਂ ਜਮ੍ਹਾਂ ਕਰਨੀਆਂ ਚਾਹੀਦੀਆਂ ਹਨ। KGs **21 ਦਸੰਬਰ 2018** ਤੋਂ ਪਹਿਲਾਂ ਬਿਨੈਕਾਰਾਂ ਨੂੰ ਦਾਖਲਾ ਐਪਲੀਕੇਸ਼ਨਾਂ ਦੇ ਨਤੀਜਿਆਂ ਬਾਰੇ ਸੂਚਿਤ ਕਰਨਗੇ।

2.7 ਦਾਖਲੇ ਦਾ(ਦੇ) ਨੋਟੀਫਿਕੇਸ਼ਨ ਪ੍ਰਾਪਤ ਹੋਣ 'ਤੇ, ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ, ਮਾਪਿਆਂ ਨੂੰ ਰਜਿਸਟ੍ਰੇਸ਼ਨ ਲਈ ਇੱਕ KG ਦੀ ਚੋਣ ਕਰਨੀ ਚਾਹੀਦੀ ਹੈ। ਉਹਨਾਂ ਨੂੰ **" ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਖਾਂ" (ਭਾਵ 10 ਤੋਂ 12 ਜਨਵਰੀ 2019)** ਦੌਰਾਨ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਪੂਰਾ ਕਰਨ ਲਈ KG ਵਿਖੇ "RC" / "AP" ਜਮ੍ਹਾਂ ਕਰਾਉਣ ਅਤੇ ਰਜਿਸਟ੍ਰੇਸ਼ਨ ਫ਼ੀਸ ਅਦਾ ਕਰਨ ਦੀ ਲੋੜ ਹੋਵੇਗੀ। ਇਹ ਉਪਾਅ ਕਿਸੇ ਇੱਕ ਸਮੇਂ 'ਤੇ ਕਿਸੇ ਬਿਨੈਕਾਰ ਦੁਆਰਾ ਇੱਕ ਤੋਂ ਵੱਧ ਸਥਾਨਾਂ ਨੂੰ ਰੋਕ ਕੇ ਰੱਖਣ ਤੋਂ ਬਚਣ ਲਈ ਹੈ, ਜਿਸ ਨਾਲ ਦੂਜੇ ਬਿਨੈਕਾਰਾਂ 'ਤੇ ਅਸਰ ਪੈ ਸਕਦਾ ਹੈ।

2.8 "RC" / "AP", EDB ਦੁਆਰਾ ਜਾਰੀ ਕੀਤਾ ਜਾਂਦਾ ਹੈ ਅਤੇ ਉਸ KG ਦੁਆਰਾ ਰੱਖਿਆ ਜਾਣਾ ਚਾਹੀਦਾ ਹੈ ਜਿਸ ਵਿੱਚ ਵਿਦਿਆਰਥੀ ਨੂੰ ਰਜਿਸਟਰ ਕੀਤਾ ਗਿਆ ਹੈ। ਜੇਕਰ ਵਿਦਿਆਰਥੀ ਨੂੰ "ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਖਾਂ" ਤੋਂ ਬਾਅਦ ਭਰਤੀ ਕੀਤਾ ਜਾਂਦਾ ਹੈ, ਤਾਂ ਉਸ ਨੂੰ ਹਾਲੇ ਵੀ ਰਜਿਸਟ੍ਰੇਸ਼ਨ ਲਈ "RC" / "AP" ਜਮ੍ਹਾਂ ਕਰਾਉਣ ਦੀ ਲੋੜ ਹੁੰਦੀ ਹੈ। ਜੇ ਕੋਈ ਮਾਤਾ/ਪਿਤਾ ਕਿਸੇ KG ਕੋਲ ਰਜਿਸਟਰ ਕਰਨ ਤੋਂ ਬਾਅਦ ਸਕੂਲ ਬਦਲਣਾ ਚਾਹੁੰਦਾ ਹੈ, ਤਾਂ ਉਸਨੂੰ ਉਸ KG ਤੋਂ "RC" / "AP" ਵਾਪਸ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ ਜਿਸ ਕੋਲ ਉਸ ਨੇ ਰਜਿਸਟਰ ਕੀਤਾ ਹੈ ਅਤੇ ਰਜਿਸਟ੍ਰੇਸ਼ਨ ਦਸਤਾਵੇਜ਼ ਨੂੰ ਰਜਿਸਟ੍ਰੇਸ਼ਨ ਵਾਸਤੇ ਉਸ KG ਦੇ ਕੋਲ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ ਜਿਸ ਵਿੱਚ ਵਿਦਿਆਰਥੀ ਨੂੰ ਟ੍ਰਾਂਸਫਰ ਕੀਤਾ ਜਾ ਰਿਹਾ ਹੈ। KG ਤੋਂ "RC" / "AP" ਵਾਪਸ ਲੈਣ 'ਤੇ, ਸਬੰਧਿਤ KG ਉਸ ਵਿਦਿਆਰਥੀ ਲਈ ਸਥਾਨ ਰਾਖਵਾਂ ਨਹੀਂ ਰੱਖੇਗਾ। ਆਮ ਤੌਰ 'ਤੇ, ਉਸ KG ਨੂੰ ਅਦਾ ਕੀਤੀ ਗਈ ਰਜਿਸਟ੍ਰੇਸ਼ਨ ਫ਼ੀਸ ਜਿਸ ਵਿੱਚ ਵਿਦਿਆਰਥੀ ਨੇ ਰਜਿਸਟਰ ਕੀਤਾ ਹੈ, ਵਾਪਸ ਨਹੀਂ ਕੀਤੀ ਜਾਵੇਗੀ।

2.9 EDB ਜਨਵਰੀ 2019 ਤੋਂ (ਭਾਵ "ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਖਾਂ" ਤੋਂ ਬਾਅਦ) K1 ਵਿੱਚ ਖਾਲੀ ਸਥਾਨਾਂ ਬਾਰੇ ਜਾਣਕਾਰੀ ਜਾਰੀ ਕਰੇਗਾ। ਜੇ ਜਰੂਰੀ ਹੋਵੇ, ਤਾਂ ਮਾਤਾ-ਪਿਤਾ EDB ਦੀ ਵੈੱਬਸਾਈਟ, ਖੇਤਰੀ ਸਿੱਖਿਆ ਦਫਤਰਾਂ ਅਤੇ EDB ਹੌਟਲਾਈਨ ਰਾਹੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

### 3. "RC" ਲਈ ਐਪਲੀਕੇਸ਼ਨ ਵਾਸਤੇ ਯੋਗਤਾ ਮਾਪਦੰਡ

3.1 ਹਾਂਗਕਾਂਗ ਦਾ ਨਿਵਾਸੀ ਹੋਵੇ ਅਤੇ ਉਸ ਕੋਲ ਹਾਂਗਕਾਂਗ ਵਿੱਚ ਰਿਹਾਇਸ਼ ਦਾ ਹੱਕ, ਆਉਣ ਦਾ ਹੱਕ ਜਾਂ ਕਿਸੇ ਸ਼ਰਤ (ਰਹਿਣ ਦੀ ਸੀਮਾ ਤੋਂ ਇਲਾਵਾ) ਦੇ ਬਿਨਾਂ ਰਹਿਣ ਦੀ ਜਾਇਜ਼ ਇਜਾਜ਼ਤ ਹੋਵੇ (ਕਿਰਪਾ ਕਰਕੇ ਭਾਗ B ਦੇ ਪੈਰਾ 2.3 ਵਿੱਚ ਸੂਚੀਬੱਧ ਸੰਬੰਧਿਤ ਸਮਰਥਨ ਦਸਤਾਵੇਜ਼ ਮੁਹੱਈਆ ਕਰੋ)

3.2 ਜਿਹੜੇ ਵਿਦਿਆਰਥੀ 2019/20 ਵਿੱਚ KG ਕਲਾਸਾਂ ਵਿੱਚ ਹਾਜ਼ਰ ਹੋਣਗੇ ਉਹਨਾਂ ਦਾ ਜਨਮ ਲਾਜ਼ਮੀ ਤੌਰ 'ਤੇ 31 ਦਸੰਬਰ 2016 ਨੂੰ ਜਾਂ ਇਸ ਤੋਂ ਪਹਿਲਾਂ ਹੋਇਆ ਹੋਣਾ ਚਾਹੀਦਾ ਹੈ।

ਜਿਹੜੇ ਵਿਦਿਆਰਥੀ 2018/19 ਵਿੱਚ KG ਕਲਾਸਾਂ ਵਿੱਚ ਹਾਜ਼ਰ ਹੋਣਗੇ ਉਹਨਾਂ ਦਾ ਜਨਮ ਲਾਜ਼ਮੀ ਤੌਰ 'ਤੇ 31 ਦਸੰਬਰ 2015 ਨੂੰ ਜਾਂ ਇਸ ਤੋਂ ਪਹਿਲਾਂ ਹੋਇਆ ਹੋਣਾ ਚਾਹੀਦਾ ਹੈ।

**ਕਿਰਪਾ ਕਰਕੇ ਧਿਆਨ ਦਿਓ ਕਿ ਜਿਹੜੇ ਵਿਦਿਆਰਥੀਆਂ ਦਾ ਜਨਮ 1 ਜਨਵਰੀ 2017 ਨੂੰ ਜਾਂ ਇਸ ਤੋਂ ਬਾਅਦ ਹੋਇਆ ਹੈ ਉਹ "RC" ਲਈ ਦਰਖ਼ਾਸਤ ਦੇਣ ਲਈ ਯੋਗ ਨਹੀਂ ਹਨ।**

3.3 ਵਿਜ਼ਿਟਰ ਵੀਜ਼ੇ ਵਾਲੇ ਵਿਦਿਆਰਥੀ, ਦੋ-ਰਸਤੇ ਵਾਲੇ ਨਿਕਾਸ ਪਰਮਿਟਾਂ, ਜਾਂ ਵਿਦਿਆਰਥੀ ਵੀਜ਼ੇ ਵਾਲੇ ਵਿਅਕਤੀ "RC" ਲਈ ਦਰਖ਼ਾਸਤ ਦੇਣ ਲਈ ਯੋਗਤਾ ਪੂਰੀ ਨਹੀਂ ਕਰਦੇ।

3.4 6 ਸਾਲ ਤੱਕ ਪਹੁੰਚਣ ਵਾਲੇ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਪ੍ਰਾਇਮਰੀ ਸਕੂਲ ਜਾਣਾ ਚਾਹੀਦਾ ਹੈ। ਪ੍ਰਾਇਮਰੀ ਵਨ ਵਿੱਚ ਦਾਖਲੇ ਬਾਰੇ ਪੁੱਛਗਿੱਛ ਲਈ, ਮਾਪੇ 2832 7700 / 2832 7740 'ਤੇ EDB ਦੇ ਸਕੂਲ ਪਲੇਸਿਜ਼ ਐਲੋਕੇਸ਼ਨ ਸੈਕਸ਼ਨ (ਸਕੂਲੀ ਥਾਵਾਂ ਦੀ ਵੰਡ ਵਾਲੇ ਹਿੱਸੇ) ਨੂੰ ਜਾਂ 2891 0088 'ਤੇ EDB ਦੇ 24 ਘੰਟੇ ਸਵੈ-ਚਾਲਿਤ ਟੈਲੀਫ਼ੋਨ ਪੁੱਛ-ਗਿੱਛ ਸਿਸਟਮ ਨੂੰ ਕਾਲ ਕਰ ਸਕਦੇ ਹਨ। ਮਾਪੇ EDB ਕੋਲ ਵਿਚਾਰ ਕੀਤੇ ਜਾਣ ਲਈ ਦਸਤਾਵੇਜ਼ੀ ਸਬੂਤ ਨਾਲ "RC" ਲਈ ਅਰਜ਼ੀ, ਜੋ ਆਉਣ ਵਾਲੇ ਸਕੂਲੀ ਸਾਲ ਵਿੱਚ KG ਲਈ ਉਹਨਾਂ ਦੇ ਬੱਚਿਆਂ ਦੇ ਦਾਖਲੇ ਨੂੰ ਦਿਖਾਏ ਅਤੇ ਮਾਪਿਆਂ ਤੋਂ ਇੱਕ ਐਲਾਨਨਾਮਾ ਜਮਾਂ ਕਰਵਾ ਸਕਦੇ ਹਨ ਕਿ ਉਹਨਾਂ ਦੇ ਬੱਚਿਆ ਨੇ ਆਉਂਦੇ ਸਾਲ ਸਤੰਬਰ ਲਈ ਪ੍ਰਾਇਮਰੀ ਵਨ ਦਾਖਲੇ ਵਿੱਚ ਭਾਗ ਨਹੀਂ ਲਿਆ ਹੈ।

3.5 ਕਿਉਂਕਿ ਹਰੇਕ ਵਿਦਿਆਅਰਥੀ ਕੋਲ "ਸਕੀਮ" ਤਹਿਤ KGs ਵਾਸਤੇ ਦਾਖਲੇ ਲਈ ਪ੍ਰਮਾਣਕ ਰਜਿਸਟ੍ਰੇਸ਼ਨ ਦਸਤਾਵੇਜ਼ ਹੋਣਾ ਚਾਹੀਦਾ ਹੈ, ਇਸ ਲਈ ਉਹਨਾਂ EDB ਵਿਦਿਆਰਥੀਆਂ ਨੂੰ ਇੱਕ "AP" ਜਾਰੀ ਕਰੇਗਾ ਜਿਹਨਾਂ ਨੂੰ ਹਾਂਗ ਕਾਂਗ ਵਿੱਚ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ ਪਰ ਜੋ "RC" ਲਈ ਯੋਗਤਾ ਪੂਰੀ ਨਹੀਂ ਕਰਦੇ, ਇਸ ਲਈ "ਸਕੀਮ" ਤਹਿਤ ਸਬਸਿਡੀ ਪ੍ਰਾਪਤ ਨਹੀਂ ਕਰ ਸਕਦੇ। "AP" ਦੇ ਧਾਰਕਾਂ ਨੂੰ ਰਜਿਸਟਰ ਕੀਤਾ ਜਾ ਸਕਦਾ ਹੈ ਅਤੇ "ਸਕੀਮ" ਤਹਿਤ KG ਵਿੱਚ ਦਾਖਲ ਕੀਤਾ ਜਾ ਸਕਦਾ ਹੈ ਪਰ ਮਾਪਿਆਂ ਨੂੰ "ਸਕੀਮ" ਤਹਿਤ ਸਬਸਿਡੀ ਦੀ ਕਟੌਤੀ ਤੋਂ ਪਹਿਲਾਂ ਪੂਰੀ ਸਕੂਲੀ ਫੀਸ ਭਰਨ ਦੀ ਲੋੜ ਹੁੰਦੀ ਹੈ ਜਿਵੇਂ ਕਿ ਉਸ KG ਦੇ ਫੀਸ ਸਰਟੀਫਿਕੇਟ ਵਿੱਚ ਦਿਖਾਇਆ ਜਾਂਦਾ ਹੈ ਜਿੱਥੇ ਬੱਚੇ ਨੂੰ ਦਾਖਲ ਕੀਤਾ ਜਾਂਦਾ ਹੈ।

**4. "RC" ਲਈ ਅਰਜ਼ੀ ਦੀਆਂ ਪ੍ਰਕਿਰਿਆਵਾਂ**

4.1 ਅਰਜ਼ੀ ਦੇਣ ਦੀਆਂ ਪ੍ਰਕਿਰਿਆਵਾਂ ਹੇਠਾਂ ਦਿਖਾਈਆਂ ਗਈਆਂ ਹਨ:

ਦਰਖ਼ਾਸਤ ਫਾਰਮ ਜਮਾਂ ਕਰਨ ਦੇ ਤਰੀਕੇ

(a) ਬਿਨੈਕਾਰ ਪੂਰੇ ਭਰੇ ਦਰਖ਼ਾਸਤ ਫਾਰਮ ਅਤੇ ਢੁਕਵੇਂ ਸਹਾਇਕ ਦਸਤਾਵੇਜ਼ਾਂ ਦੀਆਂ ਨਕਲਾਂ ਇਹਨਾਂ ਕੋਲ ਜਮਾਂ ਕਰਵਾ ਸਕਦੇ ਹਨ: Kindergarten Administration 2 Section, EDB (P.O. Box 23179, Wan Chai Post Office, Hong Kong) ਡਾਕ ਦੁਆਰਾ ਲੋੜੀਂਦੀ ਡਾਕ ਟਿਕਟ ਦੇ ਨਾਲ; ਜਾਂ

(b) ਬਿਨੈਕਾਰ ਅਰਜ਼ੀ ਲਈ ਦਸਤਾਵੇਜ਼ ਇੱਕ ਸੀਲਬੰਦ ਲਿਫ਼ਾਫ਼ੇ ਵਿੱਚ ਪਾ ਕੇ ਨੱਥੀ ਕਰ ਸਕਦੇ ਹਨ ਜਿਸ ਦੇ ਮੂਹਰਲੇ ਕਵਰ ਉੱਤੇ "Application for Registration Certificate for Kindergarten Admission" (ਕਿੰਡਰਗਾਰਟਨ ਦਾਖਲੇ ਲਈ ਰਜਿਸਟ੍ਰੇਸ਼ਨ ਸਰਟੀਫਿਕੇਟ ਲਈ ਅਰਜ਼ੀ) ਲਿਖਿਆ ਹੋਵੇ ਅਤੇ ਉਹ ਇਸ ਨੂੰ EDB ਦੇ ਕੰਮਕਾਜੀ ਘੰਟਿਆਂ ਦੌਰਾਨ 14/F, Wu Chung House, 213 Queen's Road East, Wan Chai, Hong Kong ਵਿਖੇ EDB ਦੇ ਡਰੌਪ-ਇਨ-ਬਾਕਸ ਵਿੱਚ ਪਾ ਸਕਦੇ ਹਨ (ਕੰਮਕਾਜੀ ਘੰਟੇ: ਸੋਮਵਾਰ ਤੋਂ ਸ਼ੁੱਕਰਵਾਰ ਨੂੰ ਸਵੇਰੇ 8:30 ਤੋਂ ਦੁਪਹਿਰ 1:00 ਵਜੇ ਤੱਕ ਅਤੇ ਦੁਪਹਿਰ 2:00 ਤੋਂ ਸ਼ਾਮ 6:00 ਵਜੇ ਤੱਕ; ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ)।

↓

EDB ਅਰਜ਼ੀ ਫਾਰਮਾਂ ਵਿੱਚ ਮੁਹੱਈਆ ਕੀਤੇ ਮੋਬਾਇਲ ਫ਼ੋਨ ਨੰਬਰ ਉੱਤੇ SMS ਭੇਜ ਕੇ ਬਿਨੈਕਾਰਾਂ ਲਈ "ਅਰਜ਼ੀ ਦੀ ਪ੍ਰਾਪਤੀ-ਸੂਚਨਾ" ਜਾਰੀ ਕਰੇਗਾ ਜਾਂ ਬਿਨੈਕਾਰਾਂ ਨੂੰ ਅਰਜ਼ੀਆਂ ਪ੍ਰਾਪਤ ਕਰਨ ਦੀ ਤਾਰੀਖ਼ ਦੇ 10 ਕੰਮਕਾਜੀ ਦਿਨਾਂ ਅੰਦਰ ਡਾਕ ਰਾਹੀਂ ਪਹੁੰਚ ਦੀ ਪ੍ਰਾਪਤੀ-ਸੂਚਨਾ ਬਾਰੇ ਚਿੱਠੀ ਜਾਰੀ ਕਰੇਗਾ। ਜੇ ਬਿਨੈਕਾਰਾਂ ਨੂੰ ਆਪਣੇ ਅਰਜ਼ੀ ਫਾਰਮ ਜਮਾਂ ਕਰਵਾਉਣ ਤੋਂ ਬਾਅਦ ਤਿੰਨ ਹਫ਼ਤਿਆਂ ਅੰਦਰ EDB ਤੋਂ ਕੋਈ ਪ੍ਰਾਪਤੀ-ਸੂਚਨਾ ਨਹੀਂ ਮਿਲਦੀ, ਤਾਂ ਕਿਰਪਾ ਕਰਕੇ EDB ਨੂੰ 3540 6808 / 3540 6811 'ਤੇ ਜਾਂ 24 ਘੰਟੇ ਸਵੈ-ਚਾਲਿਤ ਟੈਲੀਫ਼ੋਨ ਪੁੱਛ-ਗਿੱਛ ਸਿਸਟਮ ਦੇ 2891 0088 'ਤੇ ਇਹ ਪਤਾ ਲਗਾਉਣ ਲਈ ਕਾਲ ਕਰੋ ਕਿ ਕੀ ਅਰਜ਼ੀ ਪ੍ਰਾਪਤ ਕਰ ਲਈ ਗਈ ਹੈ ਤਾਂ ਜੋ ਗਲਤ/ਅਸਫਲ ਡਿਲਿਵਰੀ ਕਰਕੇ ਅਰਜ਼ੀ ਦੀ ਪ੍ਰਕਿਰਿਆ ਵਿੱਚ ਦੇਰੀ ਤੋਂ ਬਚਿਆ ਜਾ ਸਕੇ।

**ਧਿਆਨ ਦਿਓ: ਜਿਹੜੇ ਬਿਨੈਕਾਰ ਆਪਣੀਆਂ ਅਰਜ਼ੀਆਂ ਦੀ ਪ੍ਰਾਪਤੀ ਰਸੀਦ SMS ਦੁਵਾਰਾ ਲੈਣਾ ਚਾਹੁੰਦੇ ਹਨ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਯੋਗ ਸਥਾਨਕ ਮੋਬਾਇਲ ਫ਼ੋਨ ਨੰਬਰ ਮੁਹੱਈਆ ਕਰਨਾ ਚਾਹੀਦਾ ਹੈ। ਨਹੀਂ ਤਾਂ, EDB ਬਿਨੈਕਾਰਾਂ ਨੂੰ ਡਾਕ ਰਾਹੀਂ ਪਹੁੰਚ-ਪ੍ਰਾਪਤੀ ਦੀ ਚਿੱਠੀ ਜਾਰੀ ਕਰੇਗਾ।**

↓

ਸਾਰੀ ਜ਼ਰੂਰੀ ਜਾਣਕਾਰੀ ਅਤੇ ਮੁਹੱਈਆ ਕੀਤੇ ਦਸਤਾਵੇਜ਼ਾਂ ਦੇ ਨਾਲ ਐਪਲੀਕੇਸ਼ਨਾਂ ਪ੍ਰਾਪਤ ਹੋਣ 'ਤੇ, EDB ਨੂੰ ਆਮ ਤੌਰ 'ਤੇ ਐਪਲੀਕੇਸ਼ਨਾਂ ਦੀ ਪ੍ਰਕਿਰਿਆ ਪੂਰੀ ਕਰਨ ਅਤੇ ਯੋਗ ਬਿਨੈਕਾਰਾਂ ਨੂੰ ਡਾਕ ਰਾਹੀਂ ਨੂੰ "RC" ਜਾਰੀ ਕਰਨ ਵਿੱਚ ਛੇ ਤੋਂ ਅੱਠ ਹਫ਼ਤੇ ਤੱਕ ਲੱਗਣਗੇ। ਜਿਹੜੇ ਬਿਨੈਕਾਰਾਂ ਨੂੰ ਪੂਰਕ ਜਾਣਕਾਰੀ ਮੁਹੱਈਆ ਕਰਵਾਉਣ ਦੀ ਲੋੜ ਹੁੰਦੀ ਹੈ ਉਹਨਾਂ ਨੂੰ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ ਅਤੇ ਅਜਿਹੀ ਸੂਰਤ ਵਿੱਚ, ਪੂਰਕ ਜਾਣਕਾਰੀ ਦੀ ਵਿਵਸਥਾ ਲਈ ਉਹਨਾਂ ਦੇ ਉੱਤਰ ਦੇ ਲੰਬਤ ਹੋਣ ਤੱਕ ਪ੍ਰਕਿਰਿਆ ਦਾ ਸਮਾਂ ਵਧਾਇਆ ਜਾਏਗਾ।

**ਧਿਆਨ ਦਿਓ: ਜੇ "ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਖਾਂ" ਦੇ ਦੌਰਾਨ K1 ਵਾਸਤੇ ਰਜਿਸਟ੍ਰੇਸ਼ਨ ਕਰਵਾਉਣ ਲਈ "RC" / "AP" ਨੂੰ ਵਰਤਿਆ ਜਾਵੇਗਾ, ਤਾਂ ਮਾਪਿਆਂ ਨੂੰ "RC" ਲਈ ਆਪਣੀਆਂ ਐਪਲੀਕੇਸ਼ਨਾਂ EDB ਨੂੰ ਵੱਧ ਤੋਂ ਵੱਧ 30 ਨਵੰਬਰ 2018 ਤੱਕ ਜਮ੍ਹਾਂ ਕਰਾ ਦੇਣ ਦੀ ਲੋੜ ਹੁੰਦੀ ਹੈ। ਨਹੀਂ ਤਾਂ, "RC" / "AP" ਆਮ ਤੌਰ 'ਤੇ "ਕੇਂਦਰੀਕ੍ਰਿਤ ਰਜਿਸਟ੍ਰੇਸ਼ਨ ਤਾਰੀਖਾਂ" ਤੋਂ ਪਹਿਲਾਂ ਜਾਰੀ ਨਹੀਂ ਕੀਤਾ ਜਾਵੇਗਾ।**

4.2 EDB ਨੂੰ ਡਾਕ ਰਾਹੀਂ ਅਰਜ਼ੀ ਵਾਪਸ ਭੇਜਣ ਲਈ ਮੁਕੰਮਲ ਕੀਤੇ ਦਰਖ਼ਾਸਤ ਫਾਰਮ ਨੂੰ ਢੁਕਵੇਂ ਸਹਾਇਕ ਦਸਤਾਵੇਜ਼ਾਂ ਦੀਆਂ ਕਾਪੀਆਂ ਨਾਲ ਇਕੱਠਿਆਂ ਇੱਕ **ਲੋੜੀਂਦੀ ਡਾਕ-ਟਿਕਟ ਲੱਗੇ ਲਿਫ਼ਾਫ਼ੇ ਵਿੱਚ ਪਾਇਆ ਜਾ ਸਕਦਾ ਹੈ** (ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਅਰਜ਼ੀ ਦੀ ਨਾਕਾਮ ਡਿਲੀਵਰੀ (ਪ੍ਰਦਾਨਗੀ) ਤੋਂ ਬਚਣ ਲਈ ਢੁਕਵੇਂ ਡਾਕ ਖਰਚ ਦਾ ਭੁਗਤਾਨ ਕੀਤਾ ਜਾਂਦਾ ਹੈ। ਘੱਟ ਭੁਗਤਾਨ ਵਾਲੀਆਂ ਕਿਸੇ ਵੀ ਆਈਟਮਾਂ ਦਾ ਹਾਂਗ ਕਾਂਗ ਪੋਸਟ ਵੱਲੋਂ ਨਿਬੇੜਾ ਕਰ ਦਿੱਤਾ ਜਾਵੇਗਾ, ਜਿਸ ਸੂਰਤ ਵਿੱਚ EDB ਅਰਜ਼ੀ ਬਾਰੇ ਪ੍ਰਕਿਰਿਆ ਨਹੀਂ ਕਰ ਸਕੇਗਾ। EDB ਦਾ ਪਤਾ ਇਸ ਮਾਰਗਦਰਸ਼ਨ ਜਾਣਕਾਰੀ ਦੇ ਸਫ਼ਾ 6 ਦੇ ਹੇਠਲੇ ਹਿੱਸੇ ਵਿੱਚ ਮੁਹੱਈਆ ਕੀਤਾ ਹੈ। ਬਦਲ ਦੇ ਤੌਰ 'ਤੇ, ਬਿਨੈਕਾਰ ਇੱਕ ਬੰਦ ਲਿਫ਼ਾਫ਼ੇ, ਜਿਸ ਦੇ ਮੂਹਰਲੇ ਕਵਰ ਉੱਤੇ "**Application for Registration Certificate for Kindergarten Admission**" (**ਕਿੰਡਰਗਾਰਟਨ ਦਾਖਲੇ ਲਈ ਰਜਿਸਟ੍ਰੇਸ਼ਨ ਸਰਟੀਫਿਕੇਟ ਲਈ ਅਰਜ਼ੀ**) ਲਿਖਿਆ ਹੋਵੇ, ਵਿੱਚ ਦਰਖ਼ਾਸਤ ਫਾਰਮ ਅਤੇ ਸਹਾਇਕ ਦਸਤਾਵੇਜ਼ ਪਾ ਸਕਦੇ ਹਨ, ਅਤੇ ਲਿਫ਼ਾਫ਼ੇ ਨੂੰ EDB ਦੇ ਕੰਮਕਾਜੀ ਘੰਟਿਆਂ ਦੌਰਾਨ ਉਹ ਇਸ ਨੂੰ ਡਰੌਪ-ਇਨ-ਬਾੱਕਸ ਵਿੱਚ ਪਾ ਸਕਦੇ ਹਨ (ਕੰਮਕਾਜੀ ਘੰਟੇ: ਸੋਮਵਾਰ ਤੋਂ ਸ਼ੁੱਕਰਵਾਰ ਨੂੰ ਸਵੇਰੇ 8:30 ਤੋਂ ਦੁਪਹਿਰ ਬਾਅਦ 1:00 ਵਜੇ ਅਤੇ ਦੁਪਹਿਰ ਬਾਅਦ 2:00 ਤੋਂ ਸ਼ਾਮ 6:00 ਵਜੇ ਤੱਕ; ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ) ਜਿਵੇਂ ਉੱਪਰ ਪੈਰਾ 4.1 ਵਿੱਚ ਦੱਸਿਆ ਗਿਆ ਹੈ।

4.3 ਫੈਕਸ ਜਾਂ ਈਮੇਲ ਰਾਹੀਂ ਵਾਪਸ ਕੀਤੇ ਦਰਖ਼ਾਸਤ ਫਾਰਮ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।

4.4 ਸਿਫਾਰਸ਼ ਕੀਤੀ ਅਰਜ਼ੀ ਦੀ ਮਿਆਦ ਹੇਠਾਂ ਦਿੱਤੀ ਗਈ ਹੈ (ਉਹਨਾਂ ਵਿਦਿਆਰਥੀਆਂ ਲਈ ਲਾਗੂ ਹੈ ਜੋ 2019/20 ਦੇ ਸਕੂਲੀ ਵਰ੍ਹੇ ਵਿੱਚ KG ਕਲਾਸਾਂ ਵਿੱਚ ਜਾਣਗੇ):

| **KG ਦੀ ਦਾਖਲੇ ਲਈ ਸੰਭਾਵੀ ਸਮਾਂ** | **ਅਰਜ਼ੀ ਲਈ ਸਿਫਾਰਸ਼ ਕੀਤਾ ਸਮਾਂ** |
|---|---|
| 2019/20 ਸਕੂਲੀ ਵਰ੍ਹੇ ਦੀ ਸ਼ੁਰੂਆਤ | ਸਤੰਬਰ ਤੋਂ ਨਵੰਬਰ 2018 |
| 2019/20 ਸਕੂਲੀ ਵਰ੍ਹੇ ਦੀ ਸ਼ੁਰੂਆਤ ਤੋਂ ਬਾਅਦ | ਦਾਖਲੇ /ਰਜਿਸਟ੍ਰੇਸ਼ਨ ਤੋਂ ਛੇ ਤੋਂ ਅੱਠ ਹਫ਼ਤੇ **ਪਹਿਲਾਂ** |

ਜਿਹੜੇ ਵਿਦਿਆਰਥੀ KG ਕਲਾਸਾਂ ਵਿੱਚ ਜਾਣਾ ਸ਼ੁਰੂ ਕਰ ਦਿੰਦੇ ਹਨ ਅਤੇ ਕਈ ਵਾਰੀ ਸਕੂਲੀ ਵਰ੍ਹੇ ਦੀ ਸ਼ੁਰੂਆਤ ਤੋਂ ਬਾਅਦ "RC" ਲਈ ਅਰਜ਼ੀਆਂ ਜਮਾਂ ਕਰਵਾਉਂਦੇ ਹਨ ਅਤੇ ਜਿਹਨਾਂ ਨੂੰ "RC" / "AP" ਜਾਰੀ ਕੀਤੇ ਜਾਂਦੇ ਹਨ ਉਹ ਉਸ ਸਕੂਲੀ ਵਰ੍ਹੇ ਅੰਦਰ ਯੋਗ KGs ਵਿੱਚ ਦਾਖਲ ਹੋ ਸਕਣਗੇ ਜਿੱਥੇ ਉਹ ਅਰਜ਼ੀਆਂ ਜਮਾਂ ਕਰਵਾਉਂਦੇ ਹਨ। **ਸਬੰਧਤ ਵਿਦਿਆਰਥੀਆਂ ਲਈ ਯੋਗ KG ਵਿੱਚ ਪੜ੍ਹਾਈ ਕਰਨ ਦੀ ਪ੍ਰਮਾਣਕਤਾ ਮਿਆਦ ਨੂੰ ਉਸੇ ਮੁਤਾਬਕ ਘਟਾਇਆ ਜਾਵੇਗਾ ਅਤੇ ਅਰਜ਼ੀ ਦੇ ਮਹੀਨੇ ਨੂੰ ਉਚਿਤ ਢੰਗ ਨਾਲ "RC" / "AP" 'ਤੇ ਦੱਸਿਆ ਜਾਵੇਗਾ।**

4.5 ਅਰਜ਼ੀ ਵਿੱਚ ਮੁਹੱਈਆ ਕੀਤੀ ਜਾਣਕਾਰੀ ਵਿੱਚ ਤਬਦੀਲੀ:

ਅਰਜ਼ੀ ਦੀ ਪ੍ਰਕਿਰਿਆ ਦੇ ਪੜਾਅ ਵਿੱਚ ਜੇ ਬਿਨੈਕਾਰਾਂ ਵੱਲੋਂ ਮੁਹੱਈਆ ਕੀਤੀ ਜਾਣਕਾਰੀ ਵਿੱਚ ਕੋਈ ਤਬਦੀਲੀ ਆਉਂਦੀ ਹੈ (ਮਿਸਾਲ ਲਈ ਨਾਮ ਵਿੱਚ) ਜਾਂ ਬਿਨੈਕਾਰ ਆਪਣੀਆਂ ਜਮਾਂ ਕਰਵਾਈਆਂ ਅਰਜ਼ੀਆਂ ਦੇ ਸਬੰਧ ਵਿੱਚ ਸੋਧ ਕਰਨੀ ਚਾਹੁੰਦੇ ਹਨ ਜਾਂ ਪੂਰਕ ਜਾਣਕਾਰੀ ਮੁਹੱਈਆ ਕਰਨੀ ਚਾਹੁੰਦੇ ਹਨ, ਤਾਂ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਤੁਰੰਤ EDB ਨੂੰ ਸੂਚਿਤ ਕਰਨਾ ਚਾਹੀਦਾ ਹੈ। ਤਬਦੀਲੀਆਂ ਵਾਪਰਨ ਦੀ ਤਾਰੀਖ ਦੇ 30 ਕਲੰਡਰ ਦਿਨਾਂ ਅੰਦਰ ਕਿਸੇ ਵੀ ਤਬਦੀਲੀਆਂ ਬਾਰੇ ਲਾਜ਼ਮੀ ਤੌਰ 'ਤੇ EDB ਨੂੰ ਦੱਸਿਆ ਜਾਣਾ ਚਾਹੀਦਾ ਹੈ। ਅਧਿਸੂਚਨਾ 'ਤੇ ਲਾਜ਼ਮੀ ਤੌਰ 'ਤੇ ਉਚਿਤ ਢੰਗ ਨਾਲ ਦਸਤਖ਼ਤ ਹੋਣੇ ਚਾਹੀਦੇ ਹਨ ਅਤੇ ਇਸ ਨੂੰ EDB ਕੋਲ ਢੁਕਵੇਂ ਸਹਾਇਕ ਦਸਤਾਵੇਜ਼ਾਂ ਦੀਆਂ ਕਾਪੀਆਂ ਸਹਿਤ ਜਮਾਂ ਕਰਵਾਉਣਾ ਚਾਹੀਦਾ ਹੈ। ਜਿੱਥੇ ਜ਼ਰੂਰੀ ਹੁੰਦਾ ਹੈ ਉੱਥੇ EDB ਅਰਜ਼ੀਆਂ ਬਾਰੇ ਪ੍ਰਕਿਰਿਆ ਕਰਨ ਲਈ ਬਿਨੈਕਾਰਾਂ ਤੋਂ ਵਧੀਕ ਜਾਣਕਾਰੀ ਲਈ ਵੀ ਬੇਨਤੀ ਕਰ ਸਕਦਾ ਹੈ। ਜੇ ਵਧੀਕ ਜਾਣਕਾਰੀ ਲਈ ਬੇਨਤੀ ਦੀ ਤਾਰੀਖ ਦੇ 30 ਕਲੰਡਰ ਦਿਨਾਂ ਅੰਦਰ ਬਿਨੈਕਾਰ ਜ਼ਰੂਰੀ ਜਾਣਕਾਰੀ ਮੁਹੱਈਆ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਅਰਜ਼ੀਆਂ ਆਪਣੇ ਆਪ ਹੀ ਅਯੋਗ ਹੋ ਜਾਣਗੀਆਂ। ਇੱਕੋ ਬਿਨੈਕਾਰ ਵੱਲੋਂ ਇੱਕ ਤੋਂ ਵੱਧ ਅਰਜ਼ੀਆਂ, ਅਰਜ਼ੀ ਦੀ ਪ੍ਰਕਿਰਿਆ ਵਿੱਚ ਦੇਰੀ ਦਾ ਕਾਰਨ ਬਣ ਸਕਦੀਆਂ ਹਨ।

4.6 ਮੁੜ-ਮੁਲਾਂਕਣ ਲਈ ਅਰਜ਼ੀਆਂ:

ਜੇ ਬਿਨੈਕਾਰ ਆਪਣੇ ਮੁਲਾਂਕਣ ਦੇ ਨਤੀਜਿਆਂ ਨਾਲ ਅਸਹਿਮਤ ਹੁੰਦੇ ਹਨ, ਤਾਂ ਉਹ, ਲਾਗੂ ਹੋਣ 'ਤੇ, ਆਪਣੀਆਂ ਅਰਜ਼ੀਆਂ ਦੇ ਸਮਰਥਨ ਵਿੱਚ ਵਿਸਤਾਰ ਵਿੱਚ ਦਿੱਤੀ ਤਰਕਸੰਗਤਤਾ ਅਤੇ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾਉਂਦੇ ਹੋਏ ਨਤੀਜੇ ਦੀਆਂ ਅਧਿਸੂਚਨਾਵਾਂ ਨੂੰ ਜਾਰੀ ਕਰਨ ਦੀਆਂ ਤਾਰੀਖ਼ਾਂ ਤੋਂ ਬਾਅਦ 30 ਕਲੰਡਰ ਦਿਨਾਂ ਅੰਦਰ ਮੁੜ-ਮੁਲਾਂਕਣ ਲਈ EDB ਨੂੰ ਲਿਖਤੀ ਰੂਪ ਵਿੱਚ ਦਰਖ਼ਾਸਤ ਦੇ ਸਕਦੇ ਹਨ। ਮੁੜ-ਮੁਲਾਂਕਣ ਲਈ ਅਰਜ਼ੀਆਂ 'ਤੇ ਬਿਨੈਕਾਰਾਂ ਵੱਲੋਂ ਉਚਿਤ ਢੰਗ ਨਾਲ ਦਸਤਖ਼ਤ ਕਰਨੇ ਚਾਹੀਦੇ ਹਨ। ਯੋਗਤਾ ਲਈ ਮੁੜ-ਮੁਲਾਂਕਣ ਨੂੰ ਆਮ ਤੌਰ 'ਤੇ ਛੇ ਤੋਂ ਅੱਠ ਹਫ਼ਤੇ ਲੱਗਦੇ ਹਨ।

4.7 ਹੋਰ ਵਿੱਤੀ ਸਹਾਇਤਾ ਲਈ ਦਰਖਾਸਤ:

4.7.1 "ਸਕੀਮ" ਤਹਿਤ, HKSAR ਸਰਕਾਰ ਯੋਗਤਾ ਪ੍ਰਾਪਤ ਸਥਾਨਕ NPM KGs ਨੂੰ ਸਬਸਿਡੀ ਮੁਹੱਈਆ ਕਰੇਗੀ। ਲੋੜਵੰਦ ਪਰਿਵਾਰ ਕਿੰਡਰਗਾਰਟਨ

ਅਤੇ ਬਾਲ ਦੇਖਭਾਲ ਕੇਂਦਰ ਫੀਸ ਮਾਫ਼ੀ ਸਕੀਮ (Kindergarten and Child Care Centre Fee Remission Scheme - "KCFRS") ਅਤੇ ਕਿੰਡਰਗਾਰਟਨ ਵਿਦਿਆਰਥੀਆਂ ਲਈ ਸਕੂਲ ਸਬੰਧੀ ਖਰਚਿਆਂ ਲਈ ਗ੍ਰਾਂਟ (Grant for School-related Expenses for Kindergarten Students - "Grant-KG") ਤਹਿਤ ਵਰਕਿੰਗ ਫੈਮਿਲੀ ਐਂਡ ਸਟੂਡੈਂਟ ਫਾਇਨੈਂਸ਼ੀਅਲ ਅਸਿਸਟੈਂਸ ਏਜੰਸੀ ਦੇ ਸਟੂਡੈਂਟ ਫਾਇਨੈਂਸ ਆਫ਼ਿਸ (SFO) ਕੋਲ **ਵੱਖਰੇ ਤੌਰ 'ਤੇ** ਦਰਖ਼ਾਸਤ ਦੇ ਸਕਦੇ ਹਨ। ਇਸ ਤੋਂ ਇਲਾਵਾ KCFRS ਲਈ ਦਰਖ਼ਾਸਤ ਨਾ ਕਰਨ ਵਾਲੇ ਪਰਿਵਾਰ ਫੇਰ ਵੀ ਗ੍ਰਾਂਟ-KG ਲਈ ਦਰਖ਼ਾਸਤ ਦੇ ਸਕਦੇ ਹਨ। ਵਿਦਿਆਰਥੀ ਲਈ ਉਪਰੋਕਤ ਵਿੱਤੀ ਸਹਾਇਤਾ ਸਕੀਮ ਲਈ ਦਰਖ਼ਾਸਤ ਦੇਣ ਵਾਲੇ ਪਰਿਵਾਰ ਸਬੰਧਤ ਸਕੀਮਾਂ ਦੀਆਂ ਯੋਗਤਾ ਜ਼ਰੂਰਤਾਂ ਪੂਰੀਆਂ ਕਰਦੇ ਹੋਣ। "ਵਿਦਿਆਰਥੀ ਦੀ ਵਿੱਤੀ ਸਹਾਇਤਾ ਸਕੀਮ ਲਈ ਪਰਿਵਾਰਕ ਦਰਖ਼ਾਸਤ ਫਾਰਮ (2019/20)" (Household Application Form for Student Financial Assistance Schemes (2019/20)) ਦੇ ਲਗਭਗ ਜੁਲਾਈ 2019 ਵਿੱਚ ਵੰਡੇ ਜਾਣ ਲਈ ਉਪਲਬਧ ਹੋਣ ਦੀ ਆਸ ਹੈ। SFO ਸਮਾਂ ਆਉਣ 'ਤੇ ਆਪਣੇ ਹੋਮ ਪੇਜ 'ਤੇ ਦਰਖ਼ਾਸਤ ਫਾਰਮ, ਅਰਜ਼ੀ ਲਈ ਪ੍ਰਕਿਰਿਆਵਾਂ ਅਤੇ ਸਬੰਧਤ ਸਕੀਮਾਂ ਦੇ ਵੇਰਵੇ ਅਪਲੋਡ ਕਰੇਗਾ।

4.7.2 ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ (ਕੰਪਰੀਹੈਂਸਿਵ ਸੋਸ਼ਲ ਸਿਕਉਰਿਟੀ ਅਸਿਸਟੈਂਸ) ਲੈਣ ਵਾਲੇ ਜਿਹਨਾਂ ਮਾਪਿਆਂ ਦੇ ਬੱਚਿਆਂ ਨੂੰ 2019/20 ਵਿੱਚ KGs ਵਿੱਚ ਦਾਖਲ ਕੀਤਾ ਜਾਣਾ ਹੈ, ਉਹਨਾਂ ਨੂੰ ਹੋਰਨਾਂ ਪ੍ਰੀ-ਪ੍ਰਾਇਮਰੀ ਬੱਚਿਆਂ ਦੇ ਮਾਪਿਆਂ ਦੀ ਤਰ੍ਹਾਂ, EDB ਨੂੰ "RC" ਲਈ ਦਰਖ਼ਾਸਤ ਕਰਨ ਦੀ ਲੋੜ ਹੁੰਦੀ ਹੈ, ਤਾਂ ਜੋ ਉਹ "ਸਕੀਮ" ਤਹਿਤ , ਯੋਗਤਾ ਪ੍ਰਾਪਤ ਸਥਾਨਕ NPM KG ਨਾਲ ਰਜਿਸਟ੍ਰੇਸ਼ਨ ਲਈ ਇਸਨੂੰ ਦਸਤਾਵੇਜ਼ ਦੀ ਤਰ੍ਹਾਂ ਵਰਤ ਸਕਣ।

## 5. ਨਿੱਜੀ ਸੂਚਨਾ ਦੀ ਵਿਵਸਥਾ/ਸੰਭਾਲ

5.1 **ਇਹ ਬਿਨੈਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਦਰਖ਼ਾਸਤ ਫਾਰਮ ਨੂੰ ਉਚਿਤ ਢੰਗ ਨਾਲ ਅਤੇ ਸੱਚਾਈ ਨਾਲ ਭਰਨ ਅਤੇ ਸਾਰੇ ਸਹਾਇਕ ਦਸਤਾਵੇਜ਼ ਮੁਹੱਈਆ ਕਰਨ। ਬਿਨੈਕਾਰਾਂ ਨੂੰ ਸਫਾ 6 'ਤੇ "ਅਰਜ਼ੀ ਜਮਾਂ ਕਰਵਾਉਣ ਲਈ ਜਾਂਚ-ਸੂਚੀ" ਨੂੰ ਚੰਗੀ ਤਰ੍ਹਾਂ ਦੇਖਣ ਦੀ ਯਾਦ ਦਿਲਾਈ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਹਾਇਕ ਦਸਤਾਵੇਜ਼ਾਂ ਦੀ ਲੋੜੀਂਦੀ ਸੂਚੀ ਨੂੰ ਅਰਜ਼ੀ ਲਈ ਤਿਆਰ ਕੀਤਾ ਜਾਂਦਾ ਹੈ। EDB ਬਿਨੈਕਾਰ ਰਾਹੀਂ ਮੁਹੱਈਆ ਕੀਤੀ ਜਾਣਕਾਰੀ ਦੇ ਆਧਾਰ 'ਤੇ ਵਿਦਿਆਰਥੀਆਂ ਦੀ ਯੋਗਤਾ ਦਾ ਮੁਲਾਂਕਣ ਕਰੇਗਾ। ਅਧੂਰੀ ਜਾਣਕਾਰੀ ਪ੍ਰਕਿਰਿਆ ਵਿੱਚ ਦੇਰੀ ਦਾ ਕਾਰਨ ਬਣ ਸਕਦੀ ਹੈ ਜਾਂ ਅਰਜ਼ੀਆਂ ਨੂੰ ਅਗਲੀ ਪ੍ਰਕਿਰਿਆ ਲਈ ਅਯੋਗ ਬਣਾ ਦਿੰਦੀ ਹੈ, ਜਿਸ ਦੇ ਨਤੀਜੇ ਵੱਜੋਂ EDB ਵੱਲੋਂ ਅਰਜ਼ੀ ਨੂੰ ਅਪ੍ਰਮਾਣਿਕ ਕਰਾਰ ਦਿੱਤਾ ਜਾਂਦਾ ਹੈ।**

5.2 ਅਰਜ਼ੀ ਵਿੱਚ ਮੁਹੱਈਆ ਕੀਤੀ ਨਿੱਜੀ ਸੂਚਨਾ ਅਤੇ EDB ਦੀ ਬੇਨਤੀ 'ਤੇ ਮੁਹੱਈਆ ਕੀਤੀ ਕੋਈ ਵੀ ਪੂਰਕ ਜਾਣਕਾਰੀ (ਮਿਸਾਲ ਲਈ ਗੁਆਚਿਆ ਹੋਇਆ ਪਛਾਣ ਦਸਤਾਵੇਜ਼) ਦਾ ਖੁਲਾਸਾ ਅੱਗੇ ਦਿੱਤੇ ਉਦੇਸ਼ਾਂ ਲਈ HKSAR ਸਰਕਾਰ ਦੇ ਬਿਊਰੋ/ਵਿਭਾਗਾਂ ਕੋਲ ਕੀਤਾ ਜਾਵੇਗਾ:

- ਇਸ ਅਰਜ਼ੀ 'ਤੇ ਪ੍ਰਕਿਰਿਆ ਅਤੇ ਪ੍ਰਮਾਣੀਕਰਨ ਸਬੰਧੀ ਗਤੀਵਿਧੀਆਂ ਲਈ ਜਿਸ ਵਿੱਚ ਬਿਨੈਕਾਰ ਅਤੇ ਵਿਦਿਆਰਥੀ ਦੀ ਨਿੱਜੀ ਸੂਚਨਾ ਦਾ HKSAR ਸਰਕਾਰ ਦੇ ਹੋਰਨਾਂ ਸਬੰਧਤ ਬਿਊਰੋ/ਵਿਭਾਗਾਂ ਦੇ ਡੈਟਾਬੇਸ ਨਾਲ ਮੇਲ ਕਰਨਾ ਸ਼ਾਮਲ ਹੈ (ਮਿਸਾਲ ਲਈ ਇਮੀਗ੍ਰੇਸ਼ਨ ਵਿਭਾਗ ਨਾਲ);
- ਅੰਕੜਿਆਂ ਅਤੇ ਖੋਜ ਉਦੇਸ਼ਾਂ ਲਈ; ਅਤੇ
- ਪੁੱਛਗਿੱਛ ਨਾਲ ਨਜਿੱਠਣ ਦੇ ਉਦੇਸ਼ਾਂ ਲਈ।

5.3 ਬਿਨੈਕਾਰ ਅਤੇ ਵਿਦਿਆਰਥੀ ਵੱਲੋਂ ਮੁਹੱਈਆ ਕੀਤੇ ਨਿੱਜੀ ਡੇਟੇ ਦਾ ਪ੍ਰਗਟਾਵਾ HKSAR ਸਰਕਾਰ ਦੇ ਹੋਰਨਾਂ ਬਿਊਰੋ/ਵਿਭਾਗਾਂ ਅਤੇ ਉੱਪਰ 5.2 ਪੈਰਾਗ੍ਰਾਫ ਵਿੱਚ ਦੱਸੇ ਉਦੇਸ਼ਾਂ ਲਈ ਸਬੰਧਤ ਸਕੂਲਾਂ ਕੋਲ ਕੀਤਾ ਜਾ ਸਕਦਾ ਹੈ; ਜਾਂ ਜਿੱਥੇ ਬਿਨੈਕਾਰ ਨੇ ਅਜਿਹੇ ਖੁਲਾਸੇ ਲਈ ਸਹਿਮਤੀ ਦਿੱਤੀ ਹੈ; ਜਾਂ ਜਿੱਥੇ ਅਜਿਹੇ ਖੁਲਾਸੇ ਲਈ ਕਾਨੂੰਨ ਵੱਲੋਂ ਅਧਿਕਾਰ ਪ੍ਰਾਪਤ ਹੈ ਜਾਂ ਇਸ ਵੱਲੋਂ ਲੋੜੀਂਦਾ ਹੈ।

5.4 ਕੋਈ ਵੀ ਗ਼ਲਤ-ਬਿਆਨੀ, ਤੱਥਾਂ ਦੀ ਉਕਾਈ ਜਾਂ ਝੂਠੇ ਦਸਤਾਵੇਜ਼ ਦੀ ਵਿਵਸਥਾ ਅਯੋਗਤਾ ਅਤੇ ਸੰਭਾਵੀ ਮੁਕੱਦਮੇਬਾਜ਼ੀ ਦਾ ਕਾਰਨ ਬਣੇਗੀ।

5.5 ਜਮਾਂ ਕੀਤੇ ਸਾਰੇ ਦਸਤਾਵੇਜ਼ ਵਾਪਸੀਯੋਗ ਨਹੀਂ ਹਨ। ਪਰ, ਪਰਸਨਲ ਡੇਟਾ (ਪ੍ਰਾਇਵੇਸੀ) ਆਰਡੀਨੈਂਸ (ਹਾਂਗ ਕਾਂਗ ਦੇ ਕਾਨੂੰਨਾਂ ਦਾ ਅਧਿਆਇ 486) ਦੀ ਅਨੁਸੂਚੀ 1 ਸਿਧਾਂਤ 6 ਅਤੇ 18 ਅਤੇ 22 ਧਾਰਾਵਾਂ ਮੁਤਾਬਕ ਬਿਨੈਕਾਰ ਕੋਲ ਉਸ ਵੱਲੋਂ ਮੁਹੱਈਆਕੀਤੀ ਸੂਚਨਾ ਤੱਕ ਪਹੁੰਚ ਕਰਨ ਦਾ ਅਤੇ ਸੋਧ ਕਰਨ ਦਾ ਅਧਿਕਾਰ ਹੁੰਦਾ ਹੈ। ਉਹ ਆਪਣੀ ਨਿੱਜੀ ਸੂਚਨਾ ਦੀਆਂ ਕਾਪੀਆਂ ਵੀ ਪ੍ਰਾਪਤ ਕਰ ਸਕਦਾ/ਸਕਦੀ ਹੈ ਜੋ ਜ਼ਰੂਰੀ ਪ੍ਰਸ਼ਾਸਨਿਕ ਖਰਚਿਆਂ ਦੇ ਭੁਗਤਾਨ ਦਾ ਵਿਸ਼ਾ ਹੁੰਦਾ ਹੈ। ਇਹ ਬੇਨਤੀਆਂ ਲਿਖਤੀ ਰੂਪ ਵਿੱਚ EDB ਨੂੰ ਸੰਬੋਧਤ ਹੋਣੀਆਂ ਚਾਹੀਦੀਆਂ ਹਨ।

## 6. ਪੁੱਛਗਿੱਛ

6.1 ਬਿਨੈਕਾਰ "RC" ਅਤੇ "ਸਕੀਮ" ਲਈ ਅਰਜ਼ੀਆਂ ਦੇ ਵੇਰਵਿਆਂ ਲਈ EDB ਦੀ ਵੈਬਸਾਈਟ www.edb.gov.hk 'ਤੇ ਜਾ ਸਕਦੇ ਹਨ। ਵਿਅਕਤੀਗਤ ਅਰਜ਼ੀਆਂ ਬਾਰੇ ਪੁੱਛ-ਗਿੱਛ ਲਈ, ਬਿਨੈਕਾਰ EDB ਨੂੰ 3540 6808 / 3540 6811 'ਤੇ ਜਾਂ 24-ਘੰਟੇ ਸਵੈ-ਚਾਲਿਤ ਟੈਲੀਫੋਨ ਪੁੱਛ-ਗਿੱਛ ਸਿਸਟਮ ਨੂੰ 2891 0088 'ਤੇ ਕਾਲ ਕਰ ਸਕਦੇ ਹਨ।

## B - ਦਰਖ਼ਾਸਤ ਫਾਰਮ ਭਰਨ ਦੇ ਤਰੀਕੇ ਬਾਰੇ ਵੇਰਵੇ

ਕਿਰਪਾ ਕਰਕੇ ਫਾਰਮ ਨੂੰ **ਕਾਲੀ** ਜਾਂ **ਨੀਲੀ ਸਿਆਹੀ** ਨਾਲ ਭਰੋ ਅਤੇ ਦਰਖ਼ਾਸਤ ਫਾਰਮ ਅਤੇ ਮਾਰਗਦਰਸ਼ਨ ਜਾਣਕਾਰੀ ਵਿੱਚ ਦਿੱਤੀਆਂ ਹਿਦਾਇਤਾਂ ਮੁਤਾਬਕ । ਤੋਂ

V ਭਾਗ ਭਰੋ।

**ਭਾਗ I ਬਿਨੈਕਾਰ ਦੇ ਵੇਰਵੇ**

1.1 ਬਿਨੈਕਾਰ ਭਵਿੱਖ ਦੇ ਸੂਚਨਾ ਦੇ ਆਦਾਨ-ਪ੍ਰਦਾਨ ਦੀ ਅਸਾਨੀ ਲਈ "ਸਿਰਲੇਖ" ਬਾਰੇ ਦੱਸਣ ਦੀ ਚੋਣ ਕਰ ਸਕਦੇ ਹਨ।

1.2 ਬਿਨੈਕਾਰ ਨੂੰ ਆਪਣੇ ਅੰਗਰੇਜ਼ੀ ਅਤੇ ਚੀਨੀ ਨਾਵਾਂ ਨੂੰ **ਉਸੇ ਤਰਤੀਬ ਵਿੱਚ ਦੇਣਾ ਚਾਹੀਦਾ ਹੈ ਜਿਸ ਤਰ੍ਹਾਂ ਉਹਨਾਂ ਦੇ ਪਛਾਣ ਦਸਤਾਵੇਜ਼ ਵਿੱਚ ਦਿੱਤੇ ਹਨ।** ਜੇ ਵਿਦਿਆਰਥੀ ਤੁਹਾਡਾ/ਤੁਹਾਡੇ ਬੱਚਾ/ਬੱਚੇ ਨਹੀਂ ਹੈ/ਹਨ, ਤਾਂ ਤੁਹਾਨੂੰ ਵਿਦਿਆਰਥੀ(ਆਂ) ਨਾਲ ਆਪਣੇ ਰਿਸ਼ਤੇ ਬਾਰੇ ਸਪਸ਼ਟ ਤੌਰ 'ਤੇ ਦੱਸਣਾ ਚਾਹੀਦਾ ਹੈ ਅਤੇ ਵਿਦਿਆਰਥੀ ਦੇ ਮਾਤਾ/ਪਿਤਾ ਦਾ ਪਛਾਣ ਦਸਤਾਵੇਜ਼ ਅਤੇ ਇਸ ਤੋਂ ਇਲਾਵਾ ਅਧਿਕਾਰ ਪੱਤਰ ਮੁਹੱਈਆ ਕਰਵਾਉਣਾ ਚਾਹੀਦਾ ਹੈ। ਜੇ ਬਿਨੈਕਾਰ ਸਬੰਧਤ ਦਸਤਾਵੇਜ਼ ਮੁਹੱਈਆ ਨਹੀਂ ਕਰਵਾ ਸਕਦਾ ਅਤੇ ਵਿਦਿਆਰਥੀ ਉਸ ਦੀ ਸਰਪ੍ਰਸਤੀ ਹੇਠ ਹੈ/ਹਨ ਤਾਂ ਕਿਰਪਾ ਕਰਕੇ ਢੁਕਵੇਂ ਸਹਾਇਕ ਸਬੂਤ ਮੁਹੱਈਆ ਕਰੋ। ਜੇ ਵਿਦਿਆਰਥੀ(ਆਂ) ਨੂੰ ਅਸਥਾਈ ਰੂਪ ਵਿੱਚ ਹਾਂਗ ਕਾਂਗ ਵਿੱਚ ਰਹਿਣ ਲਈ ਆਗਿਆ ਦਿੱਤੀ ਜਾਂਦੀ ਹੈ, ਤਾਂ ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਵਿਦਿਆਰਥੀ(ਆਂ) ਦਾ ਸਪਾਂਸਰ ਹੋਣਾ ਚਾਹੀਦਾ ਹੈ (ਜਿਵੇਂ ਕਿ ਨਿਰਭਰ ਵਿਅਕਤੀ)।

1.3 ਬਿਨੈਕਾਰ ਨੂੰ ਆਪਣੇ ਹਾਂਗ ਕਾਂਗ ਦੇ ਪਛਾਣ (HKID) ਕਾਰਡ ਬਾਰੇ ਲਿਖਣਾ ਚਾਹੀਦਾ ਹੈ ਅਤੇ ਆਪਣੇ ਪ੍ਰਮਾਣਕ HKID ਕਾਰਡ ਦੀ ਇੱਕ ਕਾਪੀ ਜਮਾਂ ਕਰਵਾਉਣੀ ਚਾਹੀਦੀ ਹੈ। ਜੇ HKID ਕਾਰਡ ਉਪਲਬਧ ਨਹੀਂ ਹੁੰਦਾ, ਤਾਂ ਬਿਨੈਕਾਰ "ਹੋਰ ਸ਼ਨਾਖਤੀ ਦਸਤਾਵੇਜ਼" ਪੂਰਾ ਕਰੇਗਾ ਅਤੇ ਦੂਜੇ ਪ੍ਰਮਾਣਕ ਪਛਾਣ ਦਸਤਾਵੇਜ਼ਾਂ ਦੀਆਂ ਕਾਪੀਆਂ ਜਮਾਂ ਕਰੇਗਾ (ਮਿਸਾਲ ਲਈ ਮੇਨਲੈਂਡ ਪਛਾਣ ਕਾਰਡ, ਸਫਰੀ ਦਸਤਾਵੇਜ਼ ਆਦਿ)।

1.4 ਪੱਤਰ-ਵਿਹਾਰ ਲਈ ਪਤਾ ਲਾਜ਼ਮੀ ਤੌਰ 'ਤੇ ਹਾਂਗ ਕਾਂਗ ਦੇ ਖੇਤਰ ਵਿਚਲਾ ਪਤਾ ਹੋਣਾ ਚਾਹੀਦਾ ਹੈ। ਜੇ ਬਿਨੈਕਾਰ ਹਾਂਗ ਕਾਂਗ ਵਿੱਚ ਨਹੀਂ ਰਹਿੰਦਾ, ਕਿਰਪਾ ਕਰਕੇ ਘਰ ਦੇ ਪਤੇ ਤੋਂ ਇਲਾਵਾ ਪੱਤਰ-ਵਿਹਾਰ ਦੀ ਵਰਤੋਂ ਲਈ ਹਾਂਗ ਕਾਂਗ ਵਿਚਲਾ ਪਤਾ ਮੁਹੱਈਆ ਕਰੋ, ਨਹੀਂ ਤਾਂ ਇਹ ਬਿਨੈਕਾਰ ਨੂੰ ਡਾਕ ਰਾਹੀਂ ਨਤੀਜਾ ਭੇਜਣ ਲਈ ਦੇਰੀ ਦਾ ਕਾਰਨ ਬਣ ਸਕਦਾ ਹੈ।

**ਭਾਗ II ਵਿਦਿਆਰਥੀ(ਆਂ) ਦੇ ਵੇਰਵੇ**

2.1 ਜਿਹੜੇ ਵਿਦਿਆਰਥੀਆਂ ਦੇ ਵੇਰਵੇ ਭਰੇ ਜਾਣੇ ਹਨ ਉਹ ਲਾਜ਼ਮੀ ਤੌਰ 'ਤੇ ਭਾਗ A ਦੇ ਪੈਰਾ 3.1 ਅਤੇ 3.2 ਵਿੱਚ ਦੱਸੇ ਯੋਗਤਾ ਮਾਪਦੰਡ ਨੂੰ ਪੂਰਾ ਕਰਦੇ ਹੋਣ। ਸਬੰਧਤ KG ਪੱਧਰਾਂ ਵਿੱਚ ਭਰਤੀ ਕੀਤੇ ਜਾਣ ਵਾਲੇ ਬੱਚਿਆਂ ਦੀ ਘੱਟੋ-ਘੱਟ ਉਮਰ ਹੇਠਾਂ ਜੋੜੀ ਗਈ ਹੈ:

2019/20 ਦੇ ਸਕੂਲੀ ਵਰ੍ਹੇ ਵਿੱਚ KGs ਜਾਂਦੇ ਹੋਣ

| ਕਲਾਸ | 31 ਅਗਸਤ 2019 ਨੂੰ ਬੱਚਿਆਂ ਦੀ ਉਮਰ |
|---|---|
| ਨਰਸਰੀ (ਮਤਲਬ ਕਿ K1) | 2 ਸਾਲ 8 ਮਹੀਨੇ ਦੀ ਘੱਟੋ ਘੱਟ ਉਮਰ (31.12.2016 ਨੂੰ ਜਾਂ ਇਸ ਤੋਂ ਪਹਿਲਾਂ ਜਨਮ ਹੋਇਆ) |
| ਲੋਅਰ KG (ਮਤਲਬ ਕਿ K2) | 3 ਸਾਲ 8 ਮਹੀਨੇ ਦੀ ਘੱਟੋ ਘੱਟ ਉਮਰ (31.12.2015 ਨੂੰ ਜਾਂ ਇਸ ਤੋਂ ਪਹਿਲਾਂ ਜਨਮ ਹੋਇਆ) |
| ਅੱਪਰ KG (ਮਤਲਬ ਕਿ K3) | 4 ਸਾਲ 8 ਮਹੀਨੇ ਦੀ ਘੱਟੋ ਘੱਟ ਉਮਰ (31.12.2014 ਨੂੰ ਜਾਂ ਇਸ ਤੋਂ ਪਹਿਲਾਂ ਜਨਮ ਹੋਇਆ) |

2018/19 ਦੇ ਸਕੂਲੀ ਵਰ੍ਹੇ ਵਿੱਚ KGs ਜਾਂਦੇ ਹੋਣ

| ਕਲਾਸ | 31 ਅਗਸਤ 2018 ਨੂੰ ਬੱਚਿਆਂ ਦੀ ਉਮਰ |
|---|---|
| ਨਰਸਰੀ (ਮਤਲਬ ਕਿ K1) | 2 ਸਾਲ 8 ਮਹੀਨੇ ਦੀ ਘੱਟੋ ਘੱਟ ਉਮਰ (31.12.2015 ਨੂੰ ਜਾਂ ਇਸ ਤੋਂ ਪਹਿਲਾਂ ਜਨਮ ਹੋਇਆ) |
| ਲੋਅਰ KG (ਮਤਲਬ ਕਿ K2) | 3 ਸਾਲ 8 ਮਹੀਨੇ ਦੀ ਘੱਟੋ ਘੱਟ ਉਮਰ (31.12.2014 ਨੂੰ ਜਾਂ ਇਸ ਤੋਂ ਪਹਿਲਾਂ ਜਨਮ ਹੋਇਆ) |
| ਅੱਪਰ KG (ਮਤਲਬ ਕਿ K3) | 4 ਸਾਲ 8 ਮਹੀਨੇ ਦੀ ਘੱਟੋ ਘੱਟ ਉਮਰ (31.12.2013 ਨੂੰ ਜਾਂ ਇਸ ਤੋਂ ਪਹਿਲਾਂ ਜਨਮ ਹੋਇਆ) |

2.2 ਅੰਗਰੇਜ਼ੀ ਅਤੇ ਚੀਨੀ ਨਾਮ **ਉਸੇ ਤਰਤੀਬ ਵਿੱਚ ਹੋਣੇ ਚਾਹੀਦੇ ਹਨ** ਜਿਸ ਤਰ੍ਹਾਂ ਨਾਲ ਪਛਾਣ ਦਸਤਾਵੇਜ਼ ਵਿੱਚ ਹੁੰਦੇ ਹਨ।

2.3 ਵਿਦਿਆਰਥੀ ਦੇ ਹਾਂਗ ਕਾਂਗ ਦੇ ਵਸਨੀਕ ਹੋਣ ਦੇ ਰੁਤਬੇ ਨੂੰ ਸਾਬਤ ਕਰਨ ਲਈ, ਬਿਨੈਕਾਰ ਨੂੰ ਵਿਦਿਆਰਥੀ ਦੇ **ਹਾਂਗ ਕਾਂਗ ਜਨਮ ਸਰਟੀਫਿਕੇਟ** ("ਸਥਾਈ ਵਸਨੀਕ ਦੇ ਰੁਤਬੇ" ਵਾਲੇ ਕਾਲਮ ਵਿੱਚ "ਪ੍ਰਮਾਣਿਤ" ਸ਼ਬਦ ਦਿਖਾਇਆ ਗਿਆ ਹੋਵੇ) ਦੀ ਇੱਕ ਕਾਪੀ ਨਾਲ ਨੱਥੀ ਕਰਨੀ ਚਾਹੀਦੀ ਹੈ।

ਜੇ ਇਹ ਉਪਲਬਧ ਨਹੀਂ ਹੈ ਜਾਂ ਜੇਕਰ ਹਾਂਗ ਕਾਂਗ ਦੇ ਸਰਟੀਫਿਕੇਟ ਵਿੱਚ "ਪ੍ਰਮਾਣਿਤ ਨਹੀਂ" ਸ਼ਬਦ ਲਿਖੇ ਹੁੰਦੇ ਹਨ, ਤਾਂ ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਵਿਦਿਆਰਥੀ(ਆਂ) ਦੇ ਅੱਗੇ ਦਿੱਤੇ ਪ੍ਰਮਾਣਕ ਪਛਾਣ ਦਸਤਾਵੇਜ਼ਾਂ ਵਿੱਚੋਂ ਇੱਕ ਦੀ ਕਾਪੀ ਜਮਾਂ ਕਰਵਾਉਣੀ ਚਾਹੀਦੀ ਹੈ (ਜੇ ਉਪਲਬਧ ਹੋਵੇ, ਤਾਂ ਹਾਂਗ ਕਾਂਗ ਦੇ ਜਨਮ ਸਰਟੀਫਿਕੇਟ ਦੀ ਇੱਕ ਕਾਪੀ ਸਹਿਤ) -

(a) ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ (HKSAR) ਵਿੱਚ ਮੁੜ ਦਾਖਲੇ ਦਾ ਪਰਮਿਟ;

(b) ਵੀਜ਼ਾ ਉਦੇਸ਼ਾਂ ਲਈ HKSAR ਦਾ ਪਛਾਣ ਦਾ ਦਸਤਾਵੇਜ਼ (ਸਫਾ 1 ਤੋਂ 3);

(c) HKSAR ਪਾਸਪੋਰਟ;

(d) ਹਾਂਗ ਕਾਂਗ ਦਾ ਸਥਾਈ ਪਛਾਣ ਕਾਰਡ;

(e) ਇੱਕ ਪਾਸੇ ਨਿਕਲਣ ਦਾ ਪਰਮਿਟ;

(f) HKSAR ਸਰਕਾਰ ਵੱਲੋਂ ਜਾਰੀ ਦਾਖਲਾ ਪਰਮਿਟ ਜਾਂ ਹੋਰਨਾਂ ਦੇਸ਼ਾਂ/ਖੇਤਰਾਂ ਵੱਲੋਂ ਜਾਰੀ ਕੀਤੇ ਸਫਰੀ ਦਸਤਾਵੇਜ਼ ਜਿਹਨਾਂ ਵਿੱਚ ਹਾਂਗ ਕਾਂਗ ਵਿੱਚ (ਠਹਿਰਾਓ ਦੀ ਰੋਕ ਤੋਂ ਇਲਾਵਾ) ਵਿੱਚ ਰਹਿਣ ਦੀ ਕਿਸੇ ਵੀ ਸ਼ਰਤ ਤੋਂ ਬਗੈਰ ਰਹਿਣ ਯੋਗ ਆਗਿਆ ਹੋਵੇ; ਜਾਂ

(g) HKSAR (ID235B) ਵਿੱਚ ਰਹਿਣ ਲਈ ਪਰਮਿਟ।

ਜੇ ਵਿਦਿਆਰਥੀ ਦਾ ਪਛਾਣ ਦਸਤਾਵੇਜ਼ ਉਪਰੋਕਤ (f) ਜਾਂ (g) ਸ਼੍ਰੇਣੀ ਨਾਲ ਸਬੰਧਤ ਹੈ, ਤਾਂ ਬਿਨੈਕਾਰ ਅਤੇ ਵਿਦਿਆਰਥੀ ਨੂੰ EDB ਨੂੰ ਵੀ ਆਪਣੇ ਖੁਦ ਦੇ ਪ੍ਰਮਾਣਕ ਸਫਰੀ ਦਸਤਾਵੇਜ਼ ਦੀਆਂ ਕਾਪੀਆਂ ਪੇਸ਼ ਕਰਨੀਆਂ ਪੈਣੀਆਂ ਹਨ (ਜਿਸ ਵਿੱਚ ਧਾਰਕ ਦੇ ਵੇਰਵੇ ਦਿਖਾਉਂਦੇ ਹੋਏ ਸਫੇ, HKSAR ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਕੀਤਾ ਤਾਜ਼ਾ ਵੀਜ਼ਾ ਲੇਬਲ ਅਤੇ ਇਮੀਗ੍ਰੇਸ਼ਨ ਵਿਭਾਗ ਵੱਲੋਂ "ਰਹਿਣ ਦੀ ਆਗਿਆ" ਬਾਰੇ ਤਾਜ਼ਾ ਮੋਹਰ ਸ਼ਾਮਲ ਹੈ ਜੋ ਬਿਨੈਕਾਰ ਅਤੇ ਵਿਦਿਆਰਥੀ ਦੇ ਕਾਨੂੰਨੀ ਢੰਗ ਨਾਲ ਠਹਿਰਾਓ ਦੀ ਤਾਜ਼ਾ ਮਿਆਦ ਨੂੰ ਦਰਸਾਉਂਦੀ ਹੋਵੇ)।

## ਭਾਗ III ਪਰਿਵਾਰ ਦੀ ਹੋਰ ਖਾਸ ਜਾਣਕਾਰੀ

3.1 ਜੇ ਵਿਦਿਆਰਥੀ ਤੁਹਾਡਾ/ਤੁਹਾਡੇ ਬੱਚਾ/ਬੱਚੇ ਨਹੀਂ ਹੈ/ਹਨ, ਤਾਂ ਤੁਹਾਨੂੰ ਵਿਦਿਆਰਥੀ(ਆਂ) ਨਾਲ ਆਪਣੇ ਰਿਸ਼ਤੇ ਬਾਰੇ ਸਪਸ਼ਟ ਤੌਰ 'ਤੇ ਦੱਸਣਾ ਚਾਹੀਦਾ ਹੈ ਅਤੇ ਵਿਦਿਆਰਥੀ ਦੇ ਮਾਤਾ/ਪਿਤਾ ਦਾ ਪਛਾਣ ਦਸਤਾਵੇਜ਼ ਅਤੇ ਇਸ ਤੋਂ ਇਲਾਵਾ ਅਧਿਕਾਰ ਪੱਤਰ ਮੁਹੱਈਆ ਕਰਵਾਉਣਾ ਚਾਹੀਦਾ ਹੈ। ਜੇ ਬਿਨੈਕਾਰ ਸਬੰਧਤ ਦਸਤਾਵੇਜ਼ ਮੁਹੱਈਆ ਨਹੀਂ ਕਰਵਾ ਸਕਦਾ ਅਤੇ ਵਿਦਿਆਰਥੀ ਉਸ ਦੀ ਸਰਪ੍ਰਸਤੀ ਹੇਠ ਹੈ/ਹਨ ਤਾਂ ਕਿਰਪਾ ਕਰਕੇ ਢੁਕਵੇਂ ਸਹਾਇਕ ਸਬੂਤ ਮੁਹੱਈਆ ਕਰੋ।

## ਭਾਗ IV ਪੱਤਰ-ਵਿਹਾਰ ਲਈ ਭਾਸ਼ਾ

4.1 ਬਿਨੈਕਾਰ ਨੂੰ ਪੱਤਰ-ਵਿਹਾਰ ਦੀ ਭਾਸ਼ਾ ਉੱਤੇ ਘੇਰਾ ਬਣਾਉਣਾ ਚਾਹੀਦਾ ਹੈ। ਜੇ ਕੋਈ ਸੰਕੇਤ ਨਹੀਂ ਦਿੱਤਾ ਜਾਂਦਾ ਹੈ, ਤਾਂ EDB ਉਸ ਭਾਸ਼ਾ ਦਾ ਹਵਾਲਾ ਦੇਵੇਗਾ ਜੋ ਬਿਨੈਕਾਰ ਨੇ ਪੱਤਰ-ਵਿਹਾਰ ਲਈ ਦਰਖ਼ਾਸਤ ਫਾਰਮ ਨੂੰ ਭਰਨ ਲਈ ਵਰਤੀ ਸੀ।

## ਭਾਗ V ਵਾਅਦਾ ਅਤੇ ਘੋਸ਼ਣਾ

5.1 ਕਿਰਪਾ ਕਰਕੇ ਮਾਰਗਦਰਸ਼ਨ ਜਾਣਕਾਰੀ ਵਿੱਚ ਪੈਰਿਆਂ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਦਰਖ਼ਾਸਤ ਫਾਰਮ ਦੇ ਭਾਗ V ਦੇ ਵਾਅਦੇ ਅਤੇ ਘੋਸ਼ਣਾ ਵਿੱਚ ਮੁਹੱਈਆ ਕੀਤੀ ਥਾਂ 'ਤੇ ਦਸਤਖ਼ਤ ਕਰੋ। ਜੇ ਇਸ ਭਾਗ 'ਤੇ ਸਹੀ ਤਰ੍ਹਾਂ ਨਾਲ ਦਸਤਖ਼ਤ ਨਹੀਂ ਕੀਤੇ ਜਾਂਦੇ ਤਾਂ EDB ਅਰਜ਼ੀ ਬਾਰੇ ਪ੍ਰਕਿਰਿਆ ਨਹੀਂ ਕਰੇਗਾ।

5.2 ਬਿਨੈਕਾਰ **ਅੰਤਿਕਾ** ਵਿੱਚ ਨੱਥੀ ਕੀਤੇ ਭਰੇ ਹੋਏ ਫਾਰਮ ਦੇ ਨਮੂਨੇ ਨੂੰ ਦੇਖ ਸਕਦੇ ਹਨ।

## C - "RC" / "AP" ਬਾਰੇ ਜਾਰੀ ਕੀਤੇ ਜਾਣ ਵਾਲੇ ਵੇਰਵੇ

1.1 "RC" / "AP" "ਸਕੀਮ" ਤਹਿਤ ਯੋਗ KG ਵਿੱਚ ਦਾਖਲ ਕੀਤੇ ਜਾਣ ਵਾਸਤੇ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਦਸਤਾਵੇਜ਼ ਹੈ। "RC" / "AP" ਦੀ ਪ੍ਰਮਾਣਿਕਤਾ ਮਿਆਦ ਨੂੰ ਉਹਨਾਂ ਕਲਾਸਾਂ ਅਤੇ ਸਕੂਲੀ ਵਰ੍ਹੇ ਦੇ ਆਧਾਰ ਉੱਤੇ ਨਿਰਧਾਰਤ ਕੀਤਾ ਜਾਂਦਾ ਹੈ ਜਿਹਨਾਂ ਲਈ ਉਹ ਦਰਖ਼ਾਸਤ ਦੇ ਰਹੇ ਹੁੰਦੇ ਹਨ, ਅਤੇ ਵਿਦਿਆਰਥੀਆਂ ਦੇ ਕਾਨੂੰਨੀ ਠਹਿਰਾਓ ਦੀ ਮਿਆਦ ਅਤੇ EDB ਵੱਲੋਂ ਪ੍ਰਾਪਤ ਕੀਤੀ ਜਾਣ ਵਾਲੀ ਅਰਜ਼ੀ ਦੀ ਮਿਆਦ ਉੱਤੇ ਨਿਰਧਾਰਤ ਕੀਤਾ ਜਾਂਦਾ ਹੈ। ਪ੍ਰਮਾਣਿਕਤਾ ਮਿਆਦ ਆਮ ਤੌਰ 'ਤੇ 1 ਤੋਂ 3 ਸਾਲਾਂ ਦੀ ਹੋਵੇਗੀ। ਵੇਰਵਿਆਂ ਦੀ ਵਿਆਖਿਆ ਹੇਠਾਂ ਸਾਰਣੀ ਵਿੱਚ ਕੀਤੀ ਗਈ ਹੈ:

2019/20 ਸਕੂਲੀ ਵਰ੍ਹੇ ਲਈ ਅਰਜ਼ੀ ਦੇਣਾ

| ਦਾਖਲ ਕੀਤੇ ਜਾਣ ਵਾਲਾ ਪੱਧਰ | “RC” / “AP” ਦੀ ਵੈਧਤਾ ਮਿਆਦ |
|---|---|
| ਨਰਸਰੀ (ਮਤਲਬ ਕਿ K1) | 2019/20 ਸਕੂਲੀ ਵਰ੍ਹੇ ਦੀ ਸ਼ੁਰੂਆਤ ਤੋਂ 2021/22 ਸਕੂਲੀ ਵਰ੍ਹੇ ਦੀ ਸਮਾਪਤੀ ਤੱਕ |
| ਲੋਅਰ KG (ਮਤਲਬ ਕਿ K2) | EDB ਨੂੰ ਪ੍ਰਾਪਤ ਹੋਣ ਵਾਲੀ ਐਪਲੀਕੇਸ਼ਨ ਦੀ ਤਾਰੀਖ਼ ਤੋਂ 2020/21 ਸਕੂਲੀ ਵਰ੍ਹੇ ਦੀ ਸਮਾਪਤੀ ਤੱਕ |
| ਅੱਪਰ KG (ਮਤਲਬ ਕਿ K3) | EDB ਨੂੰ ਪ੍ਰਾਪਤ ਹੋਣ ਵਾਲੀ ਐਪਲੀਕੇਸ਼ਨ ਦੀ ਤਾਰੀਖ਼ ਤੋਂ 2019/20 ਸਕੂਲੀ ਵਰ੍ਹੇ ਦੀ ਸਮਾਪਤੀ ਤੱਕ |

2018/19 ਸਕੂਲੀ ਵਰ੍ਹੇ ਲਈ ਅਰਜ਼ੀ ਦੇਣਾ

| ਦਾਖਲ ਕੀਤੇ ਜਾਣ ਵਾਲਾ ਪੱਧਰ | “RC” / “AP” ਦੀ ਵੈਧਤਾ ਮਿਆਦ |
|---|---|
| ਨਰਸਰੀ (ਮਤਲਬ ਕਿ K1) | EDB ਨੂੰ ਪ੍ਰਾਪਤ ਹੋਣ ਵਾਲੀ ਐਪਲੀਕੇਸ਼ਨ ਦੀ ਤਾਰੀਖ਼ ਤੋਂ 2020/21 ਸਕੂਲੀ ਵਰ੍ਹੇ ਦੀ ਸਮਾਪਤੀ ਤੱਕ |
| ਲੋਅਰ KG (ਮਤਲਬ ਕਿ K2) | EDB ਨੂੰ ਪ੍ਰਾਪਤ ਹੋਣ ਵਾਲੀ ਐਪਲੀਕੇਸ਼ਨ ਦੀ ਤਾਰੀਖ਼ ਤੋਂ 2019/20 ਸਕੂਲੀ ਵਰ੍ਹੇ ਦੀ ਸਮਾਪਤੀ ਤੱਕ |
| ਅੱਪਰ KG (ਮਤਲਬ ਕਿ K3) | EDB ਨੂੰ ਪ੍ਰਾਪਤ ਹੋਣ ਵਾਲੀ ਐਪਲੀਕੇਸ਼ਨ ਦੀ ਤਾਰੀਖ਼ ਤੋਂ 2018/19 ਸਕੂਲੀ ਵਰ੍ਹੇ ਦੀ ਸਮਾਪਤੀ ਤੱਕ |

**ਕਿਰਪਾ ਕਰਕੇ ਇਹ ਧਿਆਨ ਦਿਓ ਕਿ “RC” ਨਾਲ ਯੋਗਤਾ ਪੂਰੀ ਕਰਨ ਵਾਲਾ ਹਰੇਕ ਬੱਚਾ ਵੱਧ ਤੋਂ ਵੱਧ ਤਿੰਨ ਸਕੂਲੀ ਵਰ੍ਹਿਆਂ ਲਈ ਯੋਗ KG(s) ਵਿੱਚ ਲਗਾਤਾਰ ਪੜ੍ਹਾਈ ਕਰਨ ਦੇ ਯੋਗ ਹੁੰਦਾ ਹੈ। ਪ੍ਰਮਾਣਿਕਤਾ ਮਿਆਦ ਨੂੰ ਆਮ ਤੌਰ 'ਤੇ ਵਧਾਇਆ ਨਹੀਂ ਜਾਵੇਗਾ।**

1.2 EDB ਡਾਕ ਰਾਹੀਂ ਬਿਨੈਕਾਰ ਨੂੰ ਨਤੀਜੇ ਬਾਰੇ ਸੂਚਿਤ ਕਰੇਗਾ। ਕਿਉਂਕਿ “RC” / “AP” ਨੂੰ ਘਰ/ਹਾਂਗ ਕਾਂਗ ਦੇ ਪੱਤਰ-ਵਿਹਾਰ ਵਾਲੇ ਪਤੇ 'ਤੇ ਡਾਕ ਰਾਹੀਂ ਭੇਜਿਆ ਜਾਵੇਗਾ, ਇਸ ਲਈ ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਘਰ/ਹਾਂਗ ਕਾਂਗ ਦੇ ਪੱਤਰ-ਵਿਹਾਰ ਵਾਲਾ ਪਤਾ ਦਰਖ਼ਾਸਤ ਫਾਰਮ ਉੱਤੇ ਸਹੀ ਤਰੀਕੇ ਨਾਲ ਦਿੱਤਾ ਜਾਂਦਾ ਹੈ। ਅਰਜ਼ੀ ਦੀ ਪ੍ਰਕਿਰਿਆ ਦੌਰਾਨ ਬਿਨੈਕਾਰ ਵੱਲੋਂ ਘਰ/ਹਾਂਗ ਕਾਂਗ ਦੇ ਪੱਤਰ-ਵਿਹਾਰ ਵਾਲਾ ਪਤਾ ਬਦਲਣ ਦੀ ਸੂਰਤ ਵਿੱਚ ਅਜਿਹੀ ਤਬਦੀਲੀ ਬਾਰੇ ਸਭ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ EDB ਨੂੰ ਸੂਚਿਤ ਕਰਨਾ ਚਾਹੀਦਾ ਹੈ। ਨਹੀਂ ਤਾਂ “RC” / “AP” ਨੂੰ ਬਿਨੈਕਾਰ ਨੂੰ ਡਾਕ ਵਿੱਚ ਨਹੀਂ ਭੇਜਿਆ ਜਾ ਸਕਦਾ ਅਤੇ ਬਿਨੈਕਾਰ ਨੂੰ ਕੋਈ ਵੀ ਸੰਭਾਵੀ ਸਿੱਟਾ ਭੁਗਤਣਾ ਪਏਗਾ, ਜਿਸ ਵਿੱਚ KGs ਲਈ ਦਾਖਲ ਕੀਤੇ ਜਾਣ ਲਈ ਉਹਨਾਂ ਦੀ ਅਯੋਗਤਾ ਵੀ ਸ਼ਾਮਲ ਹੈ।

1.3 “RC” / “AP” ਦੇ ਗੁੰਮ ਹੋਣ ਜਾਂ ਨੁਕਸਾਨਗ੍ਰਸਤ ਹੋਣ ਦੀ ਰਿਪੋਰਟ ਲਾਜ਼ਮੀ ਤੌਰ 'ਤੇ EDB ਨੂੰ 3540 6808 / 3540 6811 'ਤੇ ਜਾਂ 24 ਘੰਟਿਆਂ ਦੇ ਸਵੈ-ਚਾਲਿਤ ਟੈਲੀਫ਼ੋਨ ਪੁੱਛ-ਗਿੱਛ ਸਿਸਟਮ 2891 0088 (ਨੰਬਰ) 'ਤੇ ਦੇਣੀ ਚਾਹੀਦੀ ਹੈ ਤਾਂ ਜੋ EDB “RC” / “AP” ਨੂੰ ਅਪ੍ਰਮਾਣਿਕ ਬਣਾ ਸਕੇ। ਅਪ੍ਰਮਾਣਿਕ ਬਣਾਏ “RC” / “AP”, ਭਾਵੇਂ ਮੁੜ ਪ੍ਰਾਪਤ ਕਰ ਲਿਆ ਜਾਵੇ, ਨੂੰ KGs ਨਾਲ ਰਜਿਸਟ੍ਰੇਸ਼ਨ ਲਈ ਦਸਤਾਵੇਜ਼ ਵੱਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ। ਬਿਨੈਕਾਰ ਖਰਚੇ ਸਹਿਤ EDB ਤੋਂ “RC” / “AP” ਨੂੰ ਮੁੜ ਜਾਰੀ ਕਰਨ ਲਈ ਦਰਖ਼ਾਸਤ ਕਰ ਸਕਦੇ ਹਨ।

****************************************************************************************
**

## **ਅਰਜ਼ੀ ਜਮਾਂ ਕਰਨ ਲਈ ਜਾਂਚ-ਸੂਚੀ** (ਕਿਰਪਾ ਕਰਕੇ ਪੂਰੀ ਕੀਤੀ ਕਾਰਵਾਈ ਲਈ ਢੁਕਵੇਂ ਬਾੱਕਸ ਉੱਤੇ ਸਹੀ ਦਾ ਨਿਸ਼ਾਨ ਲਗਾਓ)

**1.** ਕੀ ਦਰਖ਼ਾਸਤ ਫਾਰਮ ਨੂੰ ਸਹੀ ਤਰੀਕੇ ਨਾਲ ਭਰ ਲਿਆ ਗਿਆ ਹੈ ਅਤੇ ਭਾਗ V ਦੇ ਵਾਅਦੇ ਅਤੇ ਘੋਸ਼ਣਾ (ਵਾਲੇ ਹਿੱਸੇ) 'ਤੇ ਉਚਿਤ ਢੰਗ ਨਾਲ ਦਸਤਖ਼ਤ ਕਰ ਲਏ ਗਏ ਹਨ? ☐

**2.** ਕੀ ਆਪਣੇ ਪਛਾਣ ਦਸਤਾਵੇਜ਼ ਦੀ ਕਾਪੀ ਨਾਲ ਨੱਥੀ ਕਰ ਦਿੱਤੀ ਗਈ ਹੈ? ☐

**3.** ਕੀ ਸਾਰੇ ਵਿਦਿਆਰਥੀ(ਆਂ) ਦੇ ਪਛਾਣ ਦਸਤਾਵੇਜ਼ ਦੀ ਕਾਪੀ ਨਾਲ ਨੱਥੀ ਕਰ ਦਿੱਤੀ ਗਈ ਹੈ? ☐

**4.** ਜੇ ਵਿਦਿਆਰਥੀ ਤੁਹਾਡਾ ਬੱਚਾ **ਨਹੀਂ** ਹੈ, ਤਾਂ ਕੀ ਤੁਸੀਂ ਢੁਕਵੇਂ ਸਹਾਇਕ ਸਬੂਤਾਂ ਨਾਲ ਦਰਖ਼ਾਸਤ ਫਾਰਮ ਦੇ ਭਾਗ III ਵਿੱਚ ਵਿਦਿਆਰਥੀ ਨਾਲ ਆਪਣੇ ਰਿਸ਼ਤੇ ਬਾਰੇ ਸਪਸ਼ਟ ਤੌਰ 'ਤੇ ਦੱਸਿਆ ਹੈ (ਪਛਾਣ ਦਸਤਾਵੇਜ਼ ਦੀ ਕਾਪੀ ਅਤੇ ਵਿਦਿਆਰਥੀ ਦੇ ਪਿਤਾ/ਮਾਤਾ ਦਾ ਅਧਿਕਾਰ ਪੱਤਰ)? ☐

**5.** ਕੀ ਤੁਸੀਂ ਹਾਂਗ ਕਾਂਗ ਵਿੱਚ ਪੱਤਰ-ਵਿਹਾਰ ਲਈ ਪਤਾ ਮੁਹੱਈਆ ਕਰਵਾਇਆ ਹੈ? ☐

**6.** ਡਾਕ ਰਾਹੀਂ ਅਰਜ਼ੀ ਲਈ, ਕੀ ਤੁਸੀਂ EDB ਦੇ ਸਹੀ ਡਾਕ ਪਤੇ ਨੂੰ ਚਿੰਨ੍ਹਤ ਕੀਤਾ ਹੈ **(P.O. Box 23179, Wan Chai Post Office, Hong Kong)**ਅਤੇ ਅਰਜ਼ੀ ਨੂੰ ਡਾਕ ਰਾਹੀਂ ਭੇਜਣ ਲਈ ਲਿਫ਼ਾਫ਼ੇ ਉੱਤੇ ਲੋੜੀਂਦੇ ਡਾਕ ਖਰਚ ਵਾਲੀ ਟਿਕਟ ਲਗਾਈ ਹੈ? ਕਿਰਪਾ ਕਰਕੇ ਧਿਆਨ ਦਿਓ ਕਿ ਘੱਟ-ਭੁਗਤਾਨ ਵਾਲੀਆਂ ਕੋਈ ਵੀ ਡਾਕ ਵਸਤੂਆਂ ਦਾ ਹਾਂਗ ਕਾਂਗ ਵੱਲੋਂ ਨਿਬੇੜਾ ਕਰ ਦਿੱਤਾ ਜਾਵੇਗਾ। ☐

**7.** ਕੀ ਤੁਸੀਂ ਭਰੇ ਹੋਏ ਦਰਖ਼ਾਸਤ ਫਾਰਮ ਦੀ ਫੋਟੋਕਾਪੀ ਆਪਣੇ ਕੋਲ ਰੱਖੀ ਹੈ? ☐

**ਕਿਰਪਾ ਕਰਕੇ ਜ਼ਰੂਰੀ ਸਹਾਇਕ ਦਸਤਾਵੇਜ਼ਾਂ ਦੀਆਂ ਕਾਪੀਆਂ ਨੂੰ ਸਹੀ ਢੰਗ ਨਾਲ ਭਰੇ ਦਰਖ਼ਾਸਤ ਫਾਰਮ ਨਾਲ EDB ਨੂੰ ਭੇਜ ਦਿਓ।**

ਪੱਤਰ-ਵਿਹਾਰ ਪਤਾ ✂

Education Bureau
P.O. Box 23179, Wan Chai Post Office, Hong Kong
"Re. Application for Registration Certificate for Kindergarten Admission"

樣本 SAMPLE

(For Sample)

ਅੰਤਕਾ

# EDUCATION BUREAU
# APPLICATION FOR REGISTRATION CERTIFICATE FOR KINDERGARTEN ADMISSION

(Please read carefully the Guidance Notes before filling in the application form)

(Parents are required to submit an application **between September and November 2018** for their child(ren) going to study in **Nursery Class (K1) in the 2019/20 school year**)

## Part I Particulars of Applicant (Particulars of father/mother of the student)

* Optional to fill in # Please circle the appropriate box

| | | | For Office Use |
|---|---|---|---|
| 1. | Title* | # (1 circled) Mr. / 2 Ms. / 3 Miss | |
| 2. | Name in English (in the same order as stated on the identity document) | C H A N T A I M A N | |
| 3. | Name in Chinese | 陳 大 文 | |
| 4. | Identity Document Type & No. (please refer to para 1.3 of Part B of the Guidance Notes) | # (A circled) HKID Card No: A 1 2 3 4 5 6 ( 7 ) <br> B Other Identity Document: ____________ Document No: ____________ | ① A T X 4 |
| 5. | Year of Birth | 1 9 8 2 Y | ⑤ F M |
| 6. | Home Address | Flat H Floor 1 8 Block 1 0 | |
| | Name of Building | T S U I Y A N H O U S E | |
| | Estate/Village | T S U I M A N E S T A T E | |
| | No. & Name of Street | | |
| | District | T S U I C H U N G | |
| | Area | # 1 HK / 2 KLN / (3 circled) NT | |
| 7. | Correspondence Address in HK (please leave blank if it is the same as the home address) | Flat Floor Block | ② H S N U |
| | Name of Building | | |
| | Estate/Village | | |
| | No. & Name of Street | | |
| | District | | |
| | Area | # 1 HK / 2 KLN / 3 NT | |
| 8. | Local Contact Telephone No. | 9 1 2 3 4 5 6 7 (mobile*) For receiving "Acknowledgement of Application" <br> 2 3 4 5 6 7 8 9 (home) | |

## Part II Particulars of student(s)

\# Please circle the appropriate box

(particulars of other family members not applying for or already applied for Registration Certificate/Kindergarten Admission Pass NOT required)

| | | | For Office Use |
|---|---|---|---|
| 1.a. | Name in English **(mandatory)** (in the same order as stated on the identity document) | C H A N T A I M I N G | ③ A E S B F R C G 3 D H |
| b. | Name in Chinese | 陳 大 明 | |
| c. | Identity Document Type and No. (Please refer to para 2.3 of Part B of the Guidance Notes) | # (A circled) HK Birth Certificate No: S 4 5 6 7 8 9 ( 0 ) <br> B HKID Card No: ( ) <br> C Other Identity Document: ____________ Document No: ____________ | |
| d. | Date of Birth | 2 0 1 6 Y 0 3 M 2 0 D | |
| e. | Relationship with Applicant | # (A circled) Child / B Other (please specify in Part III with relevant supporting proofs) | ⑥ 0 T V |
| f. | School Year Applying for (please refer to para 2.1 of Part B of the Guidance Notes) | # (C circled) 2019/20 school year / E 2018/19 school year | |
| g. | Class Applying for (with regard to the school year selected in item f) | # (N circled) Nursery Class (K1) / L Lower Class(K2) / U Upper Class (K3) | ⑧ F M |
| 2.a. | Name in English **(mandatory)** (In the same order as stated on the identity document) | | ④ A E S B F R C G 3 D H |
| b. | Name in Chinese | | |
| c. | Identity Document Type & No. (please refer to para 2.3 of Part B of the Guidance Notes) | # A HK Birth Certificate No: ( ) <br> B HKID Card No: ( ) <br> C Other Identity Document: ____________ Document No: ____________ | |
| d. | Date of Birth | Y M D | |
| e. | Relationship with Applicant | # A Child / B Other (please specify in Part III with relevant supporting proofs) | ⑦ 0 T V |
| f. | School Year Applying for (please refer to para 2.1 of Part B of the Guidance Notes) | # C 2019/20 school year / E 2018/19 school year | |
| g. | Class Applying for (with regard to the school year selected in item f) | # N Nursery Class (K1) / L Lower Class(K2) / U Upper Class (K3) | ⑨ F M |

Note: This form is valid from 1st September 2018 to 31st August 2019 and also applicable to application for Kindergarten Admission Pass.

EDB 194E

## Part III Other Special Family Information

If you have filled in Part II particulars of any member who is **not** a child of yours, please specify your relationship with the student. Please also provide copy of the identity document and authorisation letter of the student's father/mother. If such documents cannot be presented, and the student is now under your guardianship, please provide relevant supporting proofs.

Relationship with the student (Please specify) ____________________

For Office Use

⑩ 7

## Part IV Language of Correspondence

\# Please circle the appropriate box

1. Language of correspondence # C Chinese (E) English

## Part V Undertaking and Declaration

1. The Government of the Hong Kong Special Administrative Region (hereafter referred to as "HKSAR Government") has implemented the kindergarten (KG) education scheme (hereafter referred to as "Scheme") with effect from the 2017/18 school year. As the HKSAR Government is to consider and process the application for a "Registration Certificate for Kindergarten Admission" (hereafter referred to as "RC") or "Kindergarten Admission Pass" (hereafter referred to as "AP") for my dependent(s) (particulars of whom are provided in Part II of this Form) (hereafter individually or collectively referred to as "Student") according to the "Scheme", I (that is, the undersigned with my particulars being provided in Part I of this Form) hereby acknowledge and agree as set out in Clauses 2 to 8 below.
2. I have carefully read and fully understood the "Guidance Notes on Application for Registration Certificate for Kindergarten Admission" (hereafter referred to as "Guidance Notes"). I hereby undertake that I shall comply with and ensure the Student will comply with all requirements and specifications set out in the "Guidance Notes" (as may from time to time be amended by the HKSAR Government) and such other requirements and directions from time to time be issued by the HKSAR Government regarding the application for and the conditions on use of the "RC" or "AP".
3. I understand and agree that the "RC" or "AP" is only applicable to the eligible Student covered under the "Scheme" for registration in an eligible local non-profit-making KG under the "Scheme".
4. I hereby undertake and warrant that information, supporting documents supplied and representations (hereafter collectively referred to as "information") made by me or on my behalf from time to time in relation to this application are accurate and complete. I understand that the Education Bureau (EDB) will process the application based on the information.
5. If (I) any representation given by me or on my behalf in this Undertaking and Declaration is incorrect or misleading or if a false instrument is provided; or (II) if I fail to comply with any provisions of this Undertaking and Declaration, without prejudice to any powers, rights and remedies that the HKSAR Government may have under this Undertaking and Declaration or in law, the HKSAR Government shall be entitled to immediately invalidate this application or, as the case may be, immediately invalidate the "RC" or "AP" issued; and I may be liable to litigation and/or criminal prosecution.
6. I understand and agree:
   - I. The personal data provided by means of this application (including the personal data of my own and the Student's) will be used for (i) processing and verifying the information provided in and/or in relation to this application, (ii) education-related statistics and research, and (iii) enquiry handling purpose;
   - II. The provision of the personal data by me as required in this form is obligatory, except for the information that is specified as "optional". If I fail to provide such information or supporting documents as required (e.g. copy of the identity documents), my application may be held in abeyance or be rejected;
   - III. EDB can disclose the personal data collected to any person, company, organisation or HKSAR Government department/bureau and the KGs that the Student is admitted/transferred to; I also give consent to the organisation or HKSAR Government department/bureau concerned to release my and/or the Student's personal data to the EDB for any of the purposes stated in paragraph (I) above;
   - IV. I understand that all documents submitted in this application are not returnable. However, in accordance with Sections 18 and 22 and Principle 6 of Schedule 1 to the Personal Data (Privacy) Ordinance (Chapter 486 of the Laws of Hong Kong), an applicant has the right to obtain access and make correction to the data provided by him/her. He/she can also obtain copies of his/her personal data, such request should be addressed to the EDB in writing; and
   - V. Enquiries concerning the personal data collected, including the request to access and make correction, I may refer to the "Privacy Policy" of the EDB website at http://www.edb.gov.hk/en/privacy-policy.html.
7. This Undertaking and Declaration shall be governed by and construed in accordance with the laws of Hong Kong, I and the HKSAR Government shall irrevocably submit to the exclusive jurisdiction of the Courts of Hong Kong.
8. I have read the provisions of this Undertaking and Declaration carefully and fully understood my obligations and liabilities under this Undertaking and Declaration.

Signature of Applicant: 陳大文

Date: 2 0 1 8 Y 0 9 M 2 1 D

⑪ 1

樣本 SAMPLE

**Checklist for Submission of Application**

1. Has the application form been correctly filled in and Part V Undertaking and Declaration duly signed? ☐
2. Has copy of your identity document been attached? ☐
3. Has copy of the identity document of all student(s) been attached? ☐
4. If the student is **not** a child of yours, have you specified your relationship with the student in Part III of the application form with relevant supporting proofs (copy of the identity document and authorisation letter of father/mother of the student)? ☐
5. Have you provided the correspondence address in Hong Kong? ☐
6. For application by post, have you written the correct postal address of EDB (**P.O. Box 23179, Wan Chai Post Office, Hong Kong**) and affixed sufficient postage to the envelope for mailing the application? Please note any underpaid mail items will be disposed of by the Hongkong Post. ☐
7. Have you retained a photocopy of the completed application form? ☐